@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 11 September 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 11 ਸਤੰਬਰ 2024, 26 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 306, qpatrika@gmail.com ਫੋਨ : 9971359517 www.qaumipatrika.org

## ਜੇਲ੍ਹ 'ਚ ਬੰਦ ਮੁਲਜਮ ਦੂਜੇ ਮਾਮਲੇ 'ਚ ਜਮਾਨਤ ਮੰਗਣ ਦਾ ਹੱਕਦਾਰ : ਸੁਪਰੀਮ ਕੋਰਟ

ਨਵੀਂ ਦਿੱਲੀ 10 ਸਤੰਬਰ। ਸੁਪਰੀਮ ਕੋਰਟ ਨੇ ਕਿਸੇ ਮਾਮਲੇ 'ਚ ਹਿਰਾਸਤ 'ਚ ਬੰਦ ਮੁਲਜਮ ਦੂਜੇ ਮਾਮਲੇ 'ਚ ਜੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਤਾਂ ਉਹ ਅਗਾਊਂ ਜਮਾਨਤ ਲੈਣ ਦਾ ਹੱਕਦਾਰ ਹੈ। ਚੀਫ ਜਸਟਿਸ ਡੀ.ਵਾਈ. ਚੰਦਰਚੂੜ, ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਉਸ ਕਾਨੂੰਨੀ ਸਵਾਲ 'ਤੇ ਸੁਣਵਾਈ ਕਰ ਰਹੀ ਸੀ ਕਿ ਕੀ ਜੇਲ੍ਹ 'ਚ ਬੰਦ ਕਿਸੇ ਮੁਲਜਮ ਨੂੰ ਕਿਸੇ ਹੋਰ ਅਪਰਾਧਿਕ ਮਾਮਲੇ 'ਚ ਗ੍ਰਿਫਤਾਰੀ ਤੋਂ

ਪਹਿਲਾਂ ਜਮਾਨਤ ਲਈ ਅਰਜੀ ਦੇਣ ਦਾ ਅਧਿਕਾਰ ਹੈ? ਜਸਟਿਸ ਪਾਰਦੀਵਾਲਾ ਨੇ ਬੈਂਚ ਵੱਲੋਂ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਇਕ ਮੁਲਜਮ ਉਦੋਂ ਤੱਕ ਅਗਾਊਂ ਜਮਾਨਤ ਲੈਣ ਦਾ ਹੱਕਦਾਰ ਹੈ ਜਦੋਂ ਤੱਕ ਉਸ ਨੂੰ ਉਸ ਅਪਰਾਧ ਦੇ ਸਬੰਧ 'ਚ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਅਤੇ ਜੇ ਉਸ ਨੂੰ ਉਸ ਮਾਮਲੇ 'ਚ ਵੀ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਨਿਯਮਿਤ ਜਮਾਨਤ ਲਈ ਅਪੀਲ ਕਰਨਾ ਹੀ ਇਕੋ-ਇਕ ਉਪਾਅ ਹੈ। ਇਹ ਫੈਸਲਾ 2023 'ਚ ਦਾਖਲ ਧਨਰਾਜ ਅਸ਼ਵਨੀ ਦੀ ਪਟੀਸ਼ਨ 'ਤੇ ਆਇਆ ਹੈ, ਜਿਸ 'ਚ ਇਹ ਸਵਾਲ ਚੁੱਕਿਆ ਗਿਆ ਸੀ।

## ਸਾਈਬਰ ਸੁਰੱਖਿਆ ਦੇ ਬਿਨਾਂ ਦੇਸ਼ ਦੀ ਤਰੱਕੀ ਸੰਭਵ ਨਹੀਂ : ਅਮਿਤ ਸ਼ਾਹ

ਨਵੀਂ ਦਿੱਲੀ 10 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਾਈਬਰ ਸੁਰੱਖਿਆ ਨੂੰ ਰਾਸ਼ਟਰੀ ਸੁਰੱਖਿਆ ਦਾ ਅਭਿੰਨ ਹਿੱਸਾ ਦੱਸਦੇ ਹੋਏ ਮੰਗਲਵਾਰ ਨੂੰ ਕਿਹਾ ਕਿ ਦੇਸ਼ ਦੀ ਤਰੱਕੀ ਸਾਈਬਰ ਸੁਰੱਖਿਆ ਦੇ ਬਿਨਾਂ ਸੰਭਵ ਨਹੀਂ ਹੈ। ਸ਼ਾਹ ਨੇ ਇਕ ਪ੍ਰੋਗਰਾਮ 'ਚ ਇਹ ਵੀ ਕਿਹਾ ਕਿ ਸਾਈਬਰ ਅਪਰਾਧ ਦੀ ਕੋਈ ਹੱਦ ਨਹੀਂ ਹੁੰਦੀ ਅਤੇ ਇਸ ਲਈ ਇਹ ਜਰੂਰੀ ਹੈ ਕਿ ਸਾਰੇ ਪੱਖ ਮਿਲ ਕੇ ਇਸ ਸਮੱਸਿਆ ਨਾਲ ਨਜਿੱਠਣ। ਉਨ੍ਹਾਂ ਨੇ ਇੱਥੇ ਭਾਰਤੀ ਸਾਈਬਰ ਅਪਰਾਧ

ਕੋਆਰਡੀਨੇਟਰ ਕੇਂਦਰ (ਆਈ4ਸੀ) ਦੇ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਸਾਈਬਰ ਸੁਰੱਖਿਆ ਰਾਸ਼ਟਰੀ ਸੁਰੱਖਿਆ ਦਾ ਅਭਿੰਨ ਹਿੱਸਾ ਹੈ। ਸਾਨੂੰ ਸਾਈਬਰ ਸੁਰੱਖਿਆ ਯਕੀਨੀ ਕਰਨੀ ਹੋਵੇਗੀ, ਕਿਉਂਕਿ ਸਾਈਬਰ ਸੁਰੱਖਿਆ ਦੇ ਬਿਨਾਂ ਦੇਸ਼ ਦੀ ਤਰੱਕੀ ਸੰਭਵ ਨਹੀਂ ਹੈ।" ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਭਾਰਤ 'ਚ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਅਗਲੇ 5 ਸਾਲਾਂ 'ਚ 5 ਹਜਾਰ ਸਾਈਬਰ ਕਮਾਂਡੋ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ। ਸਾਈਬਰ ਖੇਤਰ ਨੂੰ ਸੁਰੱਖਿਅਤ ਬਣਾਉਣ 'ਤੇ ਜੋਰ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਦੁਨੀਆ 'ਚ 46 ਫੀਸਦੀ ਡਿਜੀਟਲ ਲੈਣ-ਦੇਣ ਹੋ ਰਹੇ ਹਨ। ਉਨ੍ਹਾਂ ਨੇ ਦੇਸ਼ 'ਚ ਸਾਈਬਰ ਅਪਰਾਧ ਨਾਲ ਨਜਿੱਠਣ ਲਈ ਚਾਰ ਪਲੇਟਫਾਰਮ ਦਾ ਉਦਘਾਟਨ ਵੀ ਕੀਤਾ। ਭਾਰਤੀ ਸਾਈਬਰ ਅਪਰਾਧ ਕੋਆਰਡੀਨੇਟਰ ਕੇਂਦਰ ਦੀ ਸਥਾਪਨਾ ਗ੍ਰਹਿ ਮੰਤਰਾਲਾ ਦੇ ਅਧੀਨ 2018 'ਚ ਕੀਤੀ ਗਈ ਸੀ। ਇਸ ਦਾ ਮਕਸਦ ਦੇਸ਼ 'ਚ ਸਾਈਬਰ ਅਪਰਾਧ ਨਾਲ ਜੁੜੇ ਸਾਰੇ ਮੁੱਦਿਆਂ 'ਤੇ ਧਿਆਨ ਦੇਣ ਲਈ ਇਕ ਰਾਸ਼ਟਰੀ ਪੱਧਰ ਦਾ ਕੋਆਰਡੀਨੇਟਰ ਕੇਂਦਰ ਬਣਾਉਣਾ ਰਿਹਾ ਹੈ।

## ਬਰੇਲੀ 'ਚ ਦਰੱਖਤ ਨਾਲ ਟਕਰਾਈ ਬੱਸ, ਇਕ ਦੀ ਮੌਤ ਤੇ 13 ਜਖਮੀ

ਬਰੇਲੀ 10 ਸਤੰਬਰ। ਦਿੱਲੀ ਤੋਂ ਲਖੀਮਪੁਰ ਖੇੜੀ ਜਾ ਰਹੀ ਇੱਕ ਨਿੱਜੀ ਬੱਸ ਦੇ ਦਰੱਖਤ ਨਾਲ ਟਕਰਾ ਜਾਣ ਕਾਰਨ ਵਾਪਰੇ ਹਾਦਸੇ ਵਿੱਚ 32 ਸਾਲਾ ਵਿਅਕਤੀ ਦੀ ਮੌਤ ਹੋ ਗਈ ਅਤੇ 13 ਲੋਕ ਜਖਮੀ ਹੋ ਗਏ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਸਵੇਰੇ ਫਤਿਹਗੰਜ ਪੱਛਮੀ ਨੇੜੇ ਇਕ ਨਿੱਜੀ ਡਬਲ ਡੈਕਰ ਬੱਸ ਦੇ ਡਰਾਈਵਰ ਨੇ ਵਾਹਨ 'ਤੇ ਕੰਟਰੋਲ ਗੁਆ ਦਿੱਤਾ ਅਤੇ ਬੱਸ ਇਕ ਦਰੱਖਤ ਨਾਲ ਟਕਰਾ ਗਈ। ਬਰੇਲੀ ਜ਼ਿਲ੍ਹੇ ਦੇ ਵਧੀਕ ਪੁਲਸ ਸੁਪਰਡੈਂਟ (ਉੱਤਰੀ) ਮੁਕੇਸ ਚੰਦਰ ਮਿਸਰਾ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਜਖਮੀਆਂ ਨੂੰ ਇਲਾਜ ਲਈ ਜ਼ਿਲ੍ਹਾ ਹਸਪਤਾਲ 'ਚ ਦਾਖਲ ਕਰਵਾਇਆ।

# ਆਰ.ਐੱਸ.ਐੱਸ. ਨੂੰ ਲੈ ਕੇ ਰਾਹੁਲ ਗਾਂਧੀ ਦਾ ਵੱਡਾ ਬਿਆਨ

**ਸਿੰਮੀ ਕੌਰ ਬੱਬਰ**

ਵਾਸਿਗਟਨ 10 ਸਤੰਬਰ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੋਸ ਲਗਾਇਆ ਹੈ ਕਿ ਰਾਸਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਕੁਝ ਧਰਮਾਂ, ਭਾਸਾਵਾਂ ਅਤੇ ਫਿਰਕਿਆਂ ਨੂੰ ਦੂਜਿਆਂ ਨਾਲੋਂ ਨੀਵਾਂ ਸਮਝਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਰਾਜਨੀਤੀ ਲਈ ਨਹੀਂ ਸਗੋਂ ਇਸੇ ਗੱਲ ਦੀ ਲੜਾਈ ਲੜੀ ਜਾ ਰਹੀ ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਸੋਮਵਾਰ ਨੂੰ ਵਾਸ਼ਿੰਗਟਨ ਦੇ ਵਰਜੀਨੀਆ ਉਪਨਗਰ 'ਚ ਹਰਨਡਨ 'ਚ ਭਾਰਤੀ-ਅਮਰੀਕੀ ਭਾਈਚਾਰੇ ਦੇ ਸੈਂਕੜੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਇਹ ਗੱਲ ਕਹੀ ਹੈ। ਉਹਨਾਂ ਨੇ ਕਿਹਾ, "ਸਭ ਤੋਂ ਪਹਿਲਾਂ ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਲੜਾਈ ਕਿਸ ਬਾਰੇ ਵਿਚ ਹੈ। ਲੜਾਈ ਰਾਜਨੀਤੀ ਦੇ ਬਾਰੇ ਵਿਚ ਨਹੀਂ ਹੈ।" ਰਾਹੁਲ ਨੇ ਪਹਿਲੀ ਕਤਾਰ ਵਿੱਚ ਹਾਜਰੀਨ ਵਿੱਚ ਬੈਠੇ ਇੱਕ ਸਿੱਖ ਨੂੰ ਪੁੱਛਿਆ, "ਮੇਰੇ ਪੱਗ ਵਾਲੇ ਭਰਾ, ਤੁਹਾਡਾ ਨਾਮ ਕੀ ਹੈ?" ਕਾਂਗਰਸੀ ਆਗੂ ਨੇ ਕਿਹਾ, "ਲੜਾਈ ਇਸ ਗੱਲ ਦੀ ਹੈ ਕਿ ਕੀ ਇਕ ਸਿੱਖ ਨੂੰ ਭਾਰਤ ਵਿੱਚ ਦਸਤਾਰ ਜਾਂ ਕੜਾ ਪਾਉਣ ਦਾ ਅਧਿਕਾਰ ਹੈ ਜਾਂ ਨਹੀਂ। ਜਾਂ ਇਕ ਸਿੱਖ ਹੋਣ ਦੇ ਨਾਤੇ ਉਹ ਗੁਰਦੁਆਰੇ ਜਾ ਸਕਦਾ ਹੈ ਜਾਂ ਨਹੀਂ। ਲੜਾਈ ਇਸੇ ਗੱਲ ਲਈ ਹੈ ਅਤੇ ਇਹ ਸਿਰਫ ਉਨ੍ਹਾਂ ਲਈ ਨਹੀਂ ਸਗੋਂ ਸਾਰੇ

ਧਰਮਾਂ ਲਈ ਹੈ।" ਰਾਹੁਲ ਗਾਂਧੀ ਇਸ ਸਮੇਂ ਅਮਰੀਕਾ ਦੇ ਚਾਰ ਦਿਨਾਂ ਦੌਰੇ 'ਤੇ ਹਨ। ਸਨੀਵਾਰ ਨੂੰ ਸੁਰੂ ਹੋਈ ਉਸ ਦੀ ਯਾਤਰਾ ਦਾ ਪਹਿਲਾ ਸਟਾਪ ਡਲਾਸ ਸੀ ਅਤੇ ਉਹ ਸੋਮਵਾਰ ਨੂੰ ਵਾਸ਼ਿੰਗਟਨ ਪਹੁੰਚੇ। ਉਨ੍ਹਾਂ ਦੀਆਂ ਨੀਤੀਆਂ ਅਤੇ ਭਾਰਤ ਪ੍ਰਤੀ ਇਸ ਦੀ ਪਹੁੰਚ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ, " ਅਸਲ ਵਿੱਚ ਇਹ ਕਹਿਣਾ ਹੈ ਕਿ ਕੁਝ ਰਾਜ ਦੂਜਿਆਂ ਨਾਲੋਂ ਘਟੀਆ ਹਨ। ਕੁਝ ਭਾਸਾਵਾਂ ਦੂਜੀਆਂ ਭਾਸਾਵਾਂ ਨਾਲੋਂ ਘਟੀਆ ਹਨ। ਕੁਝ ਧਰਮ ਦੂਜੇ ਧਰਮਾਂ ਨਾਲੋਂ ਨੀਵੇਂ ਹੁੰਦੇ ਹਨ। ਕੁਝ ਭਾਈਚਾਰੇ ਦੂਜੇ ਭਾਈਚਾਰਿਆਂ ਨਾਲੋਂ ਨੀਵੇਂ ਹੁੰਦੇ ਹਨ। ਇਹੀ ਗੱਲ ਦੀ ਲੜਾਈ ਹੈ।" ਉਨ੍ਹਾਂ ਕਿਹਾ ਕਿ ਆਖਰਕਾਰ ਇਹ ਮੁੱਦੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਪੋਲਿੰਗ ਬੂਥ ਤੱਕ ਪਹੁੰਚ ਜਾਂਦੇ ਹਨ। ਉਹਨਾਂ ਨੇ ਕਿਹਾ, " ਦੀ ਇਹ ਵਿਚਾਰਧਾਰਾ ਹੈ ਕਿ ਤਾਮਿਲ, ਮਰਾਠੀ, ਬੰਗਾਲੀ, ਮਨੀਪੁਰੀ, ਇਹ ਸਾਰੀਆਂ ਮਾਮੂਲੀ ਭਾਸਾਵਾਂ ਹਨ। ਇਹੀ ਗੱਲ ਦੀ ਲੜਾਈ ਹੈ।" ਉਹਨਾਂ ਕਿਹਾ ਕਿ ਲੜਾਈ ਇਸ ਗੱਲ ਬਾਰੇ ਵੀ ਹੈ ਅਸੀਂ ਕਿਸ ਤਰ੍ਹਾਂ ਦਾ ਭਾਰਤ ਚਾਹੁੰਦੇ ਹਾਂ। ਉਹਨਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਤੁਸੀਂ ਕਿਸੇ ਵੀ ਖੇਤਰ ਤੋਂ ਹੋ, "ਤੁਹਾਡੇ ਸਾਰਿਆਂ ਦਾ ਆਪਣਾ ਇਤਿਹਾਸ ਹੈ, ਤੁਹਾਡੀ ਆਪਣੀ ਪਰੰਪਰਾ ਹੈ, ਤੁਹਾਡੀ ਆਪਣੀ ਭਾਸਾ ਹੈ ਅਤੇ ਉਹਨਾਂ ਵਿੱਚੋਂ ਹਰ ਕੋਈ ਇਸੇ ਤਰਾਂ ਮਹੱਤਵਪੂਰਨ ਹੈ, ਜਿਵੇਂ ਕੋਈ ਹੋਰ।

## ਪ੍ਰਧਾਨ ਮੰਤਰੀ ਮੋਦੀ 'ਤੇ ਟਿੱਪਣੀ : ਸੁਪਰੀਮ ਕੋਰਟ ਨੇ ਥਰੂਰ ਦੀ ਕਾਰਵਾਈ 'ਤੇ ਲਗਾਈ ਰੋਕ

ਨਵੀਂ ਦਿੱਲੀ 10 ਸਤੰਬਰ। ਸੁਪਰੀਮ ਕੋਰਟ ਨੇ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ 'ਸ਼ਿਵਲਿੰਗ 'ਤੇ ਬਿੱਛੂ' ਬਾਰੇ ਟਿੱਪਣੀ ਕਰਨ ਲਈ ਉਨ੍ਹਾਂ ਖਿਲਾਫ ਦਰਜ ਮਾਣਹਾਨੀ ਦੇ ਮੁਕੱਦਮੇ 'ਚ ਇਕ ਹੇਠਲੀ ਅਦਾਲਤ 'ਚ ਕਾਰਵਾਈ 'ਤੇ ਰੋਕ ਲਗਾ ਦਿੱਤੀ। ਜਸਟਿਸ ਰਿਸੀਕੇਸ ਰਾਏ ਅਤੇ ਆਰ ਮਾਧਵਨ ਦੀ ਬੈਂਚ ਨੇ ਇਸ ਮਾਮਲੇ 'ਚ ਦਿੱਲੀ ਸਰਕਾਰ ਅਤੇ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕਰ ਕੇ ਚਾਰ ਹਫਤਿਆਂ 'ਚ ਜਵਾਬ ਦੇਣ ਲਈ ਕਿਹਾ ਹੈ। ਥਰੂਰ ਨੇ ਆਪਣੇ ਖਿਲਾਫ ਮਾਣਹਾਨੀ ਦੀ ਕਾਰਵਾਈ ਨੂੰ ਰੱਦ ਕਰਨ ਤੋਂ ਇਨਕਾਰ ਕਰਨ ਵਾਲੇ ਦਿੱਲੀ ਹਾਈ ਕੋਰਟ ਦੇ ਆਦੇਸ਼ ਖਿਲਾਫ 29 ਅਗਸਤ ਨੂੰ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਥਰੂਰ ਨੇ ਹੇਠਲੀ ਅਦਾਲਤ ਦੇ 27 ਅਪ੍ਰੈਲ 2019 ਦੇ ਆਦੇਸ਼ ਨੂੰ ਰੱਦ ਕੀਤੇ ਜਾਣ ਦੀ ਅਪੀਲ ਕੀਤੀ ਸੀ। ਹੇਠਲੀ ਅਦਾਲਤ ਨੇ ਥਰੂਰ ਨੂੰ ਰਾਜੀਵ ਬੱਬਰ ਵਲੋਂ ਦਾਇਰ ਅਪਰਾਧਕ ਮਾਣਹਾਨੀ 'ਤੇ ਦੋਸ਼ੀ ਵਜੋਂ ਤਲਬ ਕੀਤਾ ਸੀ। ਉਨ੍ਹਾਂ ਨੇ 2 ਨਵੰਬਰ 2018 ਨੂੰ ਦਾਇਰ ਕੀਤੀ ਗਈ ਸ਼ਿਕਾਇਤ ਨੂੰ ਵੀ ਰੱਦ ਕਰਨ ਦੀ ਅਪੀਲ ਕੀਤੀ ਸੀ। ਬੱਬਰ ਨੇ ਥਰੂਰ ਖਿਲਾਫ ਹੇਠਲੀ ਅਦਾਲਤ 'ਚ ਅਪਰਾਧਕ ਸ਼ਿਕਾਇਤ ਦਾਇਰ ਕੀਤੀ ਸੀ ਅਤੇ ਦਾਅਵਾ ਕੀਤਾ ਸੀ ਕਿ ਕਾਂਗਰਸ ਨੇਤਾ ਦੇ ਬਿਆਨ ਨਾਲ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਅਕਤੂਬਰ 2018 'ਚ ਥਰੂਰ ਨੇ ਦਾਅਵਾ ਕੀਤਾ ਸੀ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਇਕ ਨੇਤਾ ਨੇ ਪ੍ਰਧਾਨ ਮੰਤਰੀ ਦੀ ਤੁਲਨਾ 'ਸ਼ਿਵਲਿੰਗ 'ਤੇ ਬੈਠੇ ਬਿੱਛੂ' ਨਾਲ ਕੀਤੀ ਸੀ।

## 'ਜੰਗ ਦੇ ਮੈਦਾਨ 'ਤੇ ਨਹੀਂ ਨਿਕਲੇਗਾ ਹੱਲ, ਗੱਲ ਤਾਂ ਕਰਨੀ ਪਵੇਗੀ', ਰੂਮ-ਯੂਕ੍ਰੇਨ ਜੰਗ 'ਤੇ ਬੋਲੇ ਜੈਸ਼ੰਕਰ

ਬਰਲਿਨ 10 ਸਤੰਬਰ। ਵਿਦੇਸ ਮੰਤਰੀ ਐੱਸ ਜੈਸੰਕਰ ਨੇ ਮੰਗਲਵਾਰ ਨੂੰ ਕਿਹਾ ਕਿ ਰੂਸ ਅਤੇ ਯੂਕ੍ਰੇਨ ਨੂੰ ਗੱਲਬਾਤ ਕਰਨੀ ਪਵੇਗੀ ਅਤੇ ਜੇਕਰ ਉਹ ਸਲਾਹ ਚਾਹੁੰਦੇ ਹਨ ਤਾਂ ਭਾਰਤ ਹਮੇਸਾ ਸਲਾਹ ਦੇਣ ਲਈ ਤਿਆਰ ਹੈ। ਉਨ੍ਹਾਂ ਨੇ ਰੇਖਾਂਕਿਤ ਕੀਤਾ ਕਿ ਯੂਕ੍ਰੇਨ ਸੰਘਰਸ ਨੂੰ ਜੰਗ ਦੇ ਮੈਦਾਨ ਵਿੱਚ ਹੱਲ ਨਹੀਂ ਕੀਤਾ ਜਾ ਸਕਦਾ। ਬਰਲਿਨ ਵਿੱਚ ਜਰਮਨ ਵਿਦੇਸ ਮੰਤਰਾਲੇ ਦੀ ਸਾਲਾਨਾ ਰਾਜਦੂਤ ਕਾਨਫਰੰਸ ਵਿੱਚ ਸਵਾਲਾਂ ਦੇ ਜਵਾਬ ਦਿੰਦਿਆਂ ਜੈਸੰਕਰ ਨੇ ਕਿਹਾ ਕਿ ਭਾਰਤ ਨੇ ਚੀਨ ਨਾਲ ਵਪਾਰ ਲਈ ਆਪਣੇ ਦਰਵਾਜੇ ਬੰਦ ਨਹੀਂ ਕੀਤੇ ਹਨ ਪਰ ਮੁੱਦਾ ਇਹ ਹੈ ਕਿ ਦੇਸ ਕਿਹੜੇ ਖੇਤਰਾਂ ਵਿੱਚ ਅਤੇ ਕਿਹੜੀਆਂ ਸਰਤਾਂ 'ਤੇ ਵਪਾਰ ਕਰ ਸਕਦਾ ਹੈ। ਰੂਸ-ਯੂਕ੍ਰੇਨ ਯੁੱਧ 'ਤੇ ਉਨ੍ਹਾਂ ਕਿਹਾ, 'ਸਾਨੂੰ ਨਹੀਂ ਲੱਗਦਾ ਕਿ ਇਹ ਟਕਰਾਅ ਜੰਗ ਦੇ ਮੈਦਾਨ 'ਤੇ ਹੱਲ ਹੋਣ ਵਾਲਾ ਹੈ। ਕਿਸੇ ਪੱਧਰ 'ਤੇ ਕੁਝ ਗੱਲਬਾਤ ਹੋਣੀ ਚਾਹੀਦੀ ਹੈ। ਜਦੋਂ ਵੀ ਕੋਈ ਗੱਲਬਾਤ ਹੁੰਦੀ ਹੈ, ਰੂਸ ਅਤੇ ਯੂਕ੍ਰੇਨ ਦੋਵਾਂ ਧਿਰਾਂ ਨੂੰ ਇਸ ਵਿੱਚ ਹਿੱਸਾ ਲੈਣਾ ਹੋਵੇਗਾ। ਉਨ੍ਹਾਂ ਦੀਆਂ ਟਿੱਪਣੀਆਂ ਸੋਮਵਾਰ ਨੂੰ ਰਿਆਦ ਵਿੱਚ ਆਪਣੇ ਰੂਸੀ ਹਮਰੁਤਬਾ ਸਰਗੇਈ ਲਾਵਰੋਵ ਨਾਲ "ਫਲਦਾਇਕ ਗੱਲਬਾਤ" ਕਰਨ ਤੋਂ ਇੱਕ ਦਿਨ ਬਾਅਦ ਆਈਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੂਸ ਅਤੇ ਯੂਕ੍ਰੇਨ ਦੇ ਦੌਰੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਪੀ.ਐੱਮ. ਮੋਦੀ ਨੇ ਮਾਸਕੋ ਅਤੇ ਕੀਵ ਵਿੱਚ ਕਿਹਾ ਸੀ ਕਿ 'ਇਹ ਯੁੱਧ ਦਾ ਦੌਰ ਨਹੀਂ ਹੈ'। ਉਨ੍ਹਾਂ ਨੇ ਕਿਹਾ ਕਿ ਸਾਨੂੰ ਨਹੀਂ ਲੱਗਦਾ ਕਿ ਤੁਸੀਂ ਜੰਗ ਦੇ ਮੈਦਾਨ ਤੋਂ ਕੋਈ ਹੱਲ ਲੱਭ ਸਕੋਗੇ। ਅਸੀਂ ਸੋਚਦੇ ਹਾਂ ਕਿ ਤੁਹਾਨੂੰ ਗੱਲ ਕਰਨੀ ਪਵੇਗੀ। ਜੇਕਰ ਤੁਸੀਂ ਸਲਾਹ ਚਾਹੁੰਦੇ ਹੋ, ਤਾਂ ਅਸੀਂ ਹਮੇਸਾ ਸਲਾਹ ਦੇਣ ਲਈ ਤਿਆਰ ਹਾਂ।

# ਮੰਕੀਪਾਕਸ ਦੇ ਮਰੀਜ ਦੀ ਹਾਲਤ ਸਥਿਰ, ਘਬਰਾਉਣ ਦੀ ਲੋੜ ਨਹੀਂ : ਭਾਰਦਵਾਜ

**ਏਜੰਸੀਆਂ**

ਨਵੀਂ ਦਿੱਲੀ 10 ਸਤੰਬਰ। ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਮੰਗਲਵਾਰ ਨੂੰ ਕਿਹਾ ਕਿ ਐੱਲਐੱਨਜੇਪੀ (ਲੋਕਨਾਇਕ ਜੈਪ੍ਰਕਾਸ ਨਰਾਇਣ) ਹਸਪਤਾਲ ਵਿਚ ਦਾਖਲ ਮੰਕੀਪਾਕਸ ਦੇ ਮਰੀਜ ਦੀ ਹਾਲਤ ਸਥਿਰ ਹੈ। ਭਾਰਦਵਾਜ ਨੇ ਮੰਕੀਪਾਕਸ ਅਤੇ ਡੇਂਗੂ ਨਾਲ ਨਜਿੱਠਣ ਲਈ ਤਿਆਰੀਆਂ ਦਾ ਜਾਇਜਾ ਲੈਣ ਲਈ ਹਸਪਤਾਲ ਦਾ ਅਚਨਚੇਤ ਨਿਰੀਖਣ ਕੀਤਾ। ਮੰਤਰੀ ਨੇ ਕਿਹਾ ਕਿ ਐੱਲਐੱਨਜੇਪੀ ਹਸਪਤਾਲ ਵਿੱਚ ਇੱਕ ਮੰਕੀਪਾਕਸ ਦਾ ਮਰੀਜ ਹੈ। ਉਸਨੇ ਹਾਲ ਹੀ ਵਿਚ ਯਾਤਰਾ ਕੀਤੀ ਸੀ ਅਤੇ ਮੰਨਿਆ ਜਾਂਦਾ ਹੈ ਕਿ ਵਿਦੇਸ ਯਾਤਰਾ ਦੌਰਾਨ ਉਸਨੂੰ ਲਾਗ ਲੱਗ ਗਈ ਸੀ। ਉਨ੍ਹਾਂ ਕਿਹਾ ਕਿ ਮਰੀਜ ਨੂੰ ਵੱਖਰੇ ਵਾਰਡ ਵਿਚ ਅਲੱਗ ਰੱਖਿਆ ਗਿਆ ਹੈ। ਉਸ ਦੀ ਹਾਲਤ ਸਥਿਰ ਹੈ। ਸਿਹਤ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਰਿਆਣਾ ਦੇ ਹਿਸਾਰ ਦੇ ਰਹਿਣ ਵਾਲੇ 26 ਸਾਲਾ ਮਰੀਜ ਨੂੰ ਸਿਰਫ ਜਣਨ ਅੰਗਾਂ ਦੇ ਫੋੜੇ ਅਤੇ ਚਮੜੀ 'ਤੇ ਧੱਫੜ ਹਨ, ਪਰ ਬੁਖਾਰ ਨਹੀਂ ਹੈ। ਸਿਹਤ ਵਿਭਾਗ ਦੇ ਇੱਕ ਬਿਆਨ ਅਨੁਸਾਰ ਮਰੀਜ ਨੂੰ ਹਸਪਤਾਲ ਦੇ ਡਿਜਾਸਟਰ ਮੈਨੇਜਮੈਂਟ ਵਾਰਡ ਵਿੱਚ ਰੱਖਿਆ ਗਿਆ ਹੈ। ਭਾਰਦਵਾਜ ਨੇ ਕਿਹਾ ਕਿ ਬਾਂਦਰ ਪੌਕਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਹਵਾ ਰਾ

# ਜਲੰਧਰ ਦੇ ਸਿਵਲ ਸਰਜਨ ਦਫਤਰ 'ਚ ਕਰੋੜਾਂ ਰੁਪਏ ਦਾ ਘਪਲਾ, ਦਰਜ ਕਰਵਾਉਣ ਦੇ ਨਿਰਦੇਸ਼

ਜਲੰਧਰ 10 ਸਤੰਬਰ। ਸਿਵਲ ਸਰਜਨ ਆਫਿਸ ਵਿਚ ਕਰੋੜਾਂ ਰੁਪਏ ਦੇ ਹੋਏ ਘਪਲੇ ਨੂੰ ਲੈ ਕੇ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਨੇ ਦੋਸ਼ੀ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਐੱਫ. ਆਈ. ਆਰ. ਦਰਜ ਕਰਵਾਉਣ ਅਤੇ 15 ਦਿਨਾਂ ਅੰਦਰ ਮੁਕੰਮਲ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਾਇਰੈਕਟਰ ਨੇ ਚਿੱਠੀ ਵਿਚ ਲਿਖਿਆ ਹੈ ਕਿ ਸਿਵਲ ਸਰਜਨ ਦਫਤਰ ਵੱਲੋਂ ਵਿੱਤੀ ਸਾਲ 2019 ਤੋਂ 2022 ਤਕ ਜਿਲ੍ਹਾ ਪੱਧਰ 'ਤੇ ਜਿਹੜੀ ਪ੍ਰਚੇਜ ਹੋਈ ਸੀ, ਉਸ ਦੀ ਪੇਮੈਂਟ ਸਪਲਾਇਰ ਨੂੰ ਨਾ ਹੋਣ ਦਾ ਮਾਮਲਾ ਜਦੋਂ ਚੰਡੀਗੜ੍ਹ ਬੈਠੇ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਤਾਂ ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਿਵਲ ਸਰਜਨ ਦਫਤਰ ਜਲੰਧਰ ਵੱਲੋਂ ਉਕਤ ਵਿੱਤੀ ਸਾਲਾਂ ਵਿਚ ਕੀਤੀ ਗਈ ਪ੍ਰਚੇਜ ਵਿਚ ਭਾਰੀ ਬੇਨਿਯਮੀਆਂ ਜਾਪਦੀਆਂ ਹਨ, ਇਸ ਲਈ ਦੋਸ਼ੀ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕਾਨੂੰਨ ਦੇ ਮੁਤਾਬਕ ਐੱਫ. ਆਈ. ਆਰ. ਦਰਜ ਕਰਵਾਈ ਜਾਵੇ। ਡਾਇਰੈਕਟਰ ਨੇ ਲਿਖਿਆ ਹੈ ਕਿ ਐੱਫ. ਆਈ. ਆਰ. ਦਰਜ ਕਰਵਾ ਕੇ ਇਸਦੀ ਪੂਰੀ ਰਿਪੋਰਟ 15 ਦਿਨਾਂ ਅੰਦਰ ਉਨ੍ਹਾਂ ਨੂੰ ਭੇਜੀ ਜਾਵੇ ਤਾਂ ਕਿ ਸਰਕਾਰ ਨੂੰ ਇਸ ਬਾਰੇ ਜਾਣੂੰ ਕਰਵਾਇਆ ਜਾ ਸਕੇ। ਦੂਜੇ ਪਾਸੇ ਇਸ ਸਬੰਧ ਵਿਚ ਜਦੋਂ ਕਾਰਜਕਾਰੀ ਸਿਵਲ ਸਰਜਨ ਡਾ. ਜੋਤੀ ਸ਼ਰਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਜੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਚਾਰਜ ਸੰਭਾਲਿਆ ਹੈ, ਇਸ ਲਈ ਉਹ ਪੂਰੀ

ਜਾਣਕਾਰੀ ਲੈ ਕੇ ਹੀ ਕੁਝ ਦੱਸ ਸਕਣਗੇ। ਸਿਵਲ ਸਰਜਨ ਦਫਤਰ ਵਿਚ ਪਿਛਲੇ ਕਈ ਸਾਲਾਂ ਤੋਂ ਤਾਇਨਾਤ ਨੈਸ਼ਨਲ ਹੈਲਥ ਮਿਸ਼ਨ ਦਾ ਅਕਾਊਂਟੈਂਟ ਮਾਰਚ 2023 ਵਿਚ ਇਕਦਮ ਨੌਕਰੀ ਛੱਡ ਗਿਆ ਅਤੇ ਉਸਨੇ ਆਪਣਾ ਅਸਤੀਫਾ ਈਮੇਲ ਜਰੀਏ ਵਿਭਾਗ ਨੂੰ ਭੇਜਿਆ ਸੀ। ਉਸ ਤੋਂ ਬਾਅਦ ਵਿਭਾਗ ਦੀਆਂ ਸ਼ਰਤਾਂ ਮੁਤਾਬਕ ਉਸਨੇ ਇਕ ਮਹੀਨੇ ਦੀ ਤਨਖਾਹ ਸਰਕਾਰੀ ਖਾਤੇ ਵਿਚ ਜਮ੍ਹਾ ਕਰਵਾ ਦਿੱਤੀ ਪਰ ਨਾ ਤਾਂ ਆਪਣਾ ਚਾਰਜ ਕਿਸੇ ਨੂੰ ਸੌਂਪ ਕੇ ਗਿਆ ਅਤੇ ਨਾ ਹੀ ਆਪਣੇ ਦਫਤਰ ਦੀਆਂ ਚਾਬੀਆਂ। ਕਈ ਕੋਸ਼ਿਸ਼ਾਂ ਦੇ ਬਾਵਜੂਦ ਵਿਭਾਗੀ ਅਧਿਕਾਰੀਆਂ ਦਾ ਜਦੋਂ ਅਕਾਊਂਟੈਂਟ ਨਾਲ ਸੰਪਰਕ ਨਹੀਂ ਹੋ ਸਕਿਆ ਤਾਂ ਉਨ੍ਹਾਂ ਇਸ ਸਬੰਧੀ ਪੁਲਸ ਵਿਚ ਸ਼ਿਕਾਇਤ ਦੇ ਦਿੱਤੀ। ਉਸ ਤੋਂ ਬਾਅਦ ਨਾ ਤਾਂ ਉਸਨੂੰ ਪੁਲਸ ਲੱਭ ਸਕੀ ਅਤੇ ਨਾ ਹੀ ਵਿਭਾਗ ਦੇ ਅਧਿਕਾਰੀ ਉਸ ਨਾਲ ਸੰਪਰਕ ਕਰ ਸਕੇ ਹਨ। ਪਤਾ ਲੱਗਾ ਹੈ ਕਿ ਇਹ ਪ੍ਰਚੇਜ ਉਸੇ ਦੇ ਕਾਰਜਕਾਲ ਵਿਚ ਹੋਈ ਸੀ। ਸਿਵਲ ਸਰਜਨ ਆਫਿਸ ਵਿਚ ਜਿਹੜੇ ਵੀ ਸਾਮਾਨ ਦੀ ਪ੍ਰਚੇਜ ਹੋਈ, ਉਸ ਵਿਚ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਸਾਮਾਨ ਖਰੀਦਣ ਲਈ ਕੋਈ ਬਜਟ ਆਇਆ ਹੀ ਨਹੀਂ ਅਤੇ ਅਕਾਊਂਟੈਂਟ ਅਧਿਕਾਰੀਆਂ ਨਾਲ ਮਿਲੀਭੁਗਤ ਕਰ ਕੇ ਸਾਮਾਨ ਖਰੀਦਦਾ ਰਿਹਾ। ਅਕਾਊਂਟੈਂਟ ਨੂੰ ਇੰਨੀ ਖੁੱਲ੍ਹੀ ਛੋਟ ਸੀ ਕਿ ਅਕਾਊਂਟੈਂਟ ਜਿਹੜਾ ਵੀ ਸਾਮਾਨ ਖਰੀਦਦਾ ਸੀ, ਅਧਿਕਾਰੀ ਅੱਖਾਂ ਬੰਦ ਕਰ ਕੇ ਪੇਪਰਾਂ 'ਤੇ ਸਾਈਨ ਕਰ ਦਿੰਦੇ ਸਨ। ਜਿਕਰਯੋਗ ਹੈ ਕਿ ਜਿਸ ਅਕਾਊਂਟੈਂਟ ਜਰੀਏ ਸਿਵਲ ਸਰਜਨ ਆਫਿਸ ਵਿਚ ਸਾਮਾਨ ਦੀ ਖਰੀਦ ਹੋਈ, ਉਕਤ ਅਕਾਊਂਟੈਂਟ ਪਿਛਲੇ ਸਾਲ ਚੁੱਪਚਾਪ ਆਪਣਾ ਅਸਤੀਫਾ ਦੇ ਕੇ ਅੰਡਰਗਰਾਊਂਡ ਹੋ ਗਿਆ, ਜਿਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਜਿਹੜੇ ਅਧਿਕਾਰੀਆਂ ਨੇ ਸਾਮਾਨ ਦੀ ਪ੍ਰਚੇਜ ਦੇ ਪੇਪਰਾਂ 'ਤੇ ਸਾਈਨ ਕੀਤੇ ਹਨ, ਉਨ੍ਹਾਂ ਵਿਚੋਂ ਇਕ ਦੀ ਮੌਤ ਹੋ ਚੁੱਕੀ ਹੈ ਅਤੇ ਬਾਕੀ ਰਿਟਾਇਰ ਹੋ ਚੁੱਕੇ ਹਨ।

## ਦੀਨਾਨਗਰ ਵਿਖੇ ਦਿਨ ਦਿਹਾੜੇ ਚੋਰੀ ਦੀ ਵੱਡੀ ਵਾਰਦਾਤ, ਸੋਨੇ ਦੇ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋਏ ਚੋਰ

ਬਹਿਰਾਮਪੁਰ/ਦੀਨਾਨਗਰ 10 ਸਤੰਬਰ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਦੇ ਪਿੰਡ ਬਾਠਾਂਵਾਲ ਵਿਖੇ ਅੱਜ ਦਿਨ ਦਿਹਾੜੇ ਹੀ ਚੋਰਾਂ ਵੱਲੋਂ ਇੱਕ ਘਰ ਦੇ ਤਾਲੇ ਤੋੜ ਕੇ ਗਹਿਣੇ ਅਤੇ ਨਕਦੀ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਸਾਬਕਾ ਫੌਜੀ ਅਧਿਕਾਰੀ ਅਮਰਜੀਤ ਸਿੰਘ ਨੇ ਦੱਸਿਆ ਕਿ ਮੈਂ ਆਪਣੀ ਪਤਨੀ ਨਾਲ ਦਵਾਈ ਲੈਣ ਵਾਸਤੇ ਸਵੇਰੇ ਕਰੀਬ 10.30 ਗੁਰਦਾਸਪੁਰ ਚੱਲ ਗਿਆ ਅਤੇ ਮੇਰਾ ਬੇਟਾ ਜੋ ਮੋਬਾਈਲਾਂ ਦੀ ਦੁਕਾਨ ਚਲਾਉਂਦਾ ਹੈ ਉਹ ਆਪਣੀ ਦੁਕਾਨ 'ਤੇ ਚੱਲ ਗਿਆ ਸੀ। ਜਦ ਮੇਰੇ ਬੇਟਾ ਕਰੀਬ ਦੋ ਘੰਟੇ ਬਾਅਦ ਅਚਾਨਕ ਘਰ ਆਇਆ ਤਾਂ ਘਰ ਦੇ ਤਾਲੇ ਟੁੱਟੇ ਹੋਏ ਸਨ ਅਤੇ ਘਰ ਅੰਦਰ ਪਈ ਅਲਮਾਰੀ ਦੇ ਤਾਲੇ ਤੋੜ

ਕੇ ਚੋਰਾਂ ਵੱਲੋਂ ਕਰੀਬ 11 ਤੋਲੇ ਸੋਨੇ ਦੇ ਵੱਖ-ਵੱਖ ਗਹਿਣੇ ਅਤੇ 30 ਹਜਾਰ ਰੁਪਏ ਦੇ ਕਰੀਬ ਨਕਦੀ ਚੋਰੀ ਕਰ ਲਈ ਗਈ। ਉਹਨਾਂ ਦੱਸਿਆ ਕਿ ਮੇਰਾ ਆਪਣਾ ਲਾਇਸੈਂਸੀ ਰਿਵਾਲਵਰ ਜੋ ਅਲਮਾਰੀ ਵਿੱਚ ਪਿਆ ਹੋਇਆ ਸੀ ਚੋਰਾਂ ਵੱਲੋਂ ਉਸ ਨੂੰ ਛੇੜਿਆ ਨਹੀਂ ਗਿਆ ਪਰ ਬਾਕੀ ਘਰ ਵਿੱਚ ਪਈ ਨਕਦੀ ਅਤੇ ਗਹਿਣੇ ਸਾਰੇ ਹੀ ਚੋਰੀ ਕਰ ਲਏ ਹਨ। ਇਸ ਸਬੰਧੀ ਬਹਿਰਾਮਪੁਰ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ। ਪੁਲਸ ਵੱਲੋਂ ਮੌਕੇ 'ਤੇ ਆ ਕੇ ਸਾਰੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਨੌਜਵਾਨਾਂ ਨੇ ਮਾਮੇ ਦੀਆਂ ਨੂੰਹਾਂ ਨਾਲ ਕਰ 'ਤਾ ਕਾਰਾ ! ਡੇਢ ਸਾਲਾ ਬੱਚੀ ਨੂੰ ਵੀ ਨਾ ਬਖਸ਼ਿਆ

ਸਾਹਨੇਵਾਲ/ਕੋਹਾੜਾ 10 ਸਤੰਬਰ। ਸਾਡੇ ਸਮਾਜ ਹੋ ਰਹੀ ਦੂਰਦਸਾ 'ਚ ਰਿਸਤਿਆਂ ਦਾ ਘਾਣ ਹੋਣਾ ਤਾਂ ਆਮ ਗੱਲ ਹੋ ਗਈ ਹੈ। ਕੋਈ ਵਿਅਕਤੀ ਇਹ ਨਹੀਂ ਸੋਚਦਾ ਕਿ ਉਸ ਵੱਲੋਂ ਕੀਤੇ ਜਾ ਰਹੇ ਵਿਵਹਾਰ ਨਾਲ ਦੂਜੇ ਵਿਅਕਤੀ ਨੂੰ ਕਿੰਨਾ ਦੁੱਖ ਅਤੇ ਨੁਕਸਾਨ ਹੁੰਦਾ ਹੈ। ਇਹੋ ਜਿਹੀ ਹੀ ਇਕ ਘਟਨਾ ਥਾਣਾ ਕੂੰਮ ਕਲਾਂ ਅਧੀਨ ਆਉਂਦੇ ਇਲਾਕੇ 'ਚ ਵਾਪਰੀ ਜਿੱਥੇ ਦੋ ਭਾਣਜਿਆਂ ਨੇ ਆਪਣੇ ਸਾਥੀਆਂ ਨਾਲ ਮਿਲਕੇ ਮਾਮੇ ਦੀਆਂ ਦੋ ਨੂੰਹਾਂ ਨੂੰ

ਕਿਡਨੈਪ ਕਰ ਲਿਆ ਜਿਨ੍ਹਾਂ ਨਾਲ ਇਕ ਡੇਢ ਸਾਲ ਦੀ ਬੱਚੀ ਵੀ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦੇ ਚੌਕੀ ਕਟਾਣੀ ਕਲਾਂ ਦੇ ਜਾਂਚ ਅਧਿਕਾਰੀ ਜਸਵੀਰ ਸਿੰਘ ਨੇ ਦੱਸਿਆ ਕਿ ਸੂਦਾਂਵਾਲ ਦੇ ਦੋ ਵਿਅਕਤੀਆਂ ਨੇ ਆਪਣੇ ਸਾਥੀਆਂ ਨਾਲ ਮਿਲਕੇ ਵਰਨਾ ਕਾਰ 'ਚ ਆਪਣੇ ਮਾਮੇ ਦੀਆਂ ਦੋ ਨੂੰਹਾਂ ਨੂੰ ਕਿਡਨੈਪ ਕਰਕੇ ਕਿੱਧਰੇ ਆਪਣੇ ਸਵਾਰਥਾਂ ਲਈ ਨਾਜਾਇਜ ਹਿਰਾਸਤ 'ਚ ਰੱਖਿਆ ਹੈ। ਜਸਵੀਰ ਸਿੰਘ ਨੇ ਦੱਸਿਆ ਕਿ ਕਿਡਨੈਪ ਕਰਨ ਵਾਲੇ ਵਿਅਕਤੀ ਇਕ ਨੂੰਹ ਦੀ ਡੇਢ ਸਾਲ ਦੀ ਬੱਚੀ ਨੂੰ ਵੀ ਨਾਲ ਲੈ ਗਏ। ਥਾਣਾ ਕੂੰਮ ਕਲਾਂ ਦੀ ਪੁਲਸ ਨੇ ਮਾਮੇ ਦੇ ਬਿਆਨਾਂ 'ਤੇ ਹਰਦੀਪ ਸਿੰਘ ਉਰਫ ਮੰਗਾ ਪੁੱਤਰ ਸਵਰਨ ਸਿੰਘ, ਰਵਿੰਦਰ ਸਿੰਘ ਉਰਫ ਨਿਸੂ ਪੁੱਤਰ ਸਵਰਨ ਸਿੰਘ ਅਤੇ ਜੱਸਾ ਦੇ ਖਿਲਾਫ ਮਾਮਲਾ ਦਰਜ ਕਰਕੇ ਭਾਲ ਸੁਰੂ ਕਰ ਦਿੱਤੀ ਹੈ।

## ਪੰਜਾਬ 'ਚ ਕੁੜੀ ਨਾਲ ਹੈਵਾਨੀਅਤ ਦੀਆਂ ਹੱਦਾਂ ਪਾਰ, 400 ਮੀਟਰ ਤੱਕ ਘਸੀਸਦੇ ਰਹੇ ਬਾਈਕ ਸਵਾਰ ਨੌਜਵਾਨ

ਜਲੰਧਰ 10 ਸਤੰਬਰ। ਜਲੰਧਰ 'ਚ ਬਾਈਕ ਸਵਾਰ ਲੁਟੇਰੇ ਇਕ ਕੁੜੀ ਨੂੰ ਲੁੱਟਣ ਦੀ ਕੋਸਿਸ 'ਚ 400 ਮੀਟਰ ਤੱਕ ਘਸੀਸ ਕੇ ਲੈ ਗਏ। ਇਸ ਪੂਰੀ ਘਟਨਾ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਾਫ ਵਿਖਾਈ ਦੇ ਰਿਹਾ ਹੈ ਕਿ ਕਿਵੇਂ ਲੁਟੇਰੇ ਕੁੜੀ ਨੂੰ ਸੜਕ ਦੇ ਵਿਚਕਾਰ ਬੁਰੀ ਤਰ੍ਹਾਂ ਘਸੀਸ ਰਹੇ ਹਨ। 12ਵੀਂ ਜਮਾਤ 'ਚ ਪੜ੍ਹਦੀ 18 ਸਾਲਾ ਵਿਦਿਆਰਥਣ ਲਕਸਮੀ ਨਾਲ ਹੋਈ ਇਸ ਬੇਰਹਿਮੀ ਦੀ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋਣ ਲੱਗੀ ਸੀ, ਜਿਸ ਤੋਂ ਬਾਅਦ ਪੁਲਸ ਨੇ ਤੇਜੀ ਨਾਲ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ। ਪੁਲਸ ਨੇ ਮਾਮਲੇ ਸਬੰਧੀ ਐੱਫ. ਆਈ. ਆਰ. ਦਰਜ ਕਰ ਲਈ ਹੈ। ਘਟਨਾ ਤੋਂ ਬਾਅਦ ਲਕਸਮੀ ਦੇ ਪਰਿਵਾਰ ਵਾਲਿਆਂ ਨੇ ਲੁਟੇਰਿਆਂ ਦਾ ਪਿੱਛਾ ਕੀਤਾ ਪਰ ਲੁਟੇਰੇ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਪਰਿਵਾਰ ਦੇ ਹੱਥ ਕੁਝ ਨਹੀਂ ਲੱਗਾ। 18 ਸਾਲਾ ਲਕਸਮੀ ਉੱਤਰ ਪ੍ਰਦੇਸ ਦੇ ਗੋਂਡਾ ਦੀ ਰਹਿਣ ਵਾਲੀ ਹੈ ਅਤੇ ਹੁਣ ਆਪਣੇ ਪਰਿਵਾਰ ਨਾਲ ਗ੍ਰੀਨ ਮਾਡਲ ਟਾਊਨ ਜਲੰਧਰ 'ਚ ਰਹਿੰਦੀ ਹੈ। ਸਾਰਾ ਪਰਿਵਾਰ ਮਜਦੂਰ ਵਰਗ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਮਜਦੂਰੀ ਕਰਕੇ ਆਪਣਾ ਗੁਜਾਰਾ ਕਰਦੇ ਹਨ। ਬੀਤੇ ਦਿਨ ਉਹ ਆਪਣੀ ਭਾਬੀ ਨੂੰ ਮਿਲ ਕੇ ਘਰ ਪਰਤ ਰਹੀ ਸੀ ਕਿ ਇਸ ਦੌਰਾਨ ਬਾਈਕ 'ਤੇ ਸਵਾਰ ਤਿੰਨ ਲੁਟੇਰੇ ਆਏ ਅਤੇ ਲਕਸਮੀ ਦਾ ਮੋਬਾਇਲ ਖੋਹਣ ਦੀ ਕੋਸਿਸ ਕੀਤੀ। ਮੁਲਜਮਾਂ ਵਿੱਚ ਇਕ ਨੌਜਵਾਨ ਸਰਦਾਰ ਸੀ ਅਤੇ ਪਿੱਛੇ ਬੈਠੇ ਨੌਜਵਾਨਾਂ ਨੇ ਮੂੰਹ 'ਤੇ ਰੁਮਾਲ ਬੰਨ੍ਹਿਆ ਹੋਇਆ ਸੀ। ਸੜਕ 'ਤੇ ਇਕੱਲੀ ਕੁੜੀ ਦੇ ਹੱਥ ਵਿਚ ਫੋਨ ਵੇਖ ਕੇ ਮੁਲਜਮਾਂ ਨੇ ਉਸ ਦਾ ਫੋਨ ਖੋਹਣ ਦੀ ਕੋਸ਼ਿਸ਼ ਕੀਤੀ ਪਰ ਲਕਸ਼ਮੀ ਨੇ ਫੋਨ ਨਹੀਂ ਛੱਡਿਆ। ਫੋਨ ਖੋਹਣ ਦੌਰਾਨ ਉਹ ਕੁੜੀ ਨੂੰ ਵੀ ਕਰੀਬ 400 ਮੀਟਰ ਤੱਕ ਘਸੀਸਦੇ ਲੈ ਗਏ। ਕੁੜੀ ਰੌਲਾ ਪਾਉਂਦੀ ਰਹੀ ਅਤੇ ਮਦਦ ਦੀ ਗੁਹਾਰ ਲਗਾਉਂਦੀ ਰਹੀ ਪਰ ਜਦੋਂ ਤੱਕ ਕੋਈ ਮਦਦ ਲਈ ਬਾਹਰ ਆਉਂਦਾ ਉਦੋਂ ਤੱਕ ਉਸ ਨੂੰ ਘਸੀਸਦੇ ਹੋਏ ਕਰੀਬ 400 ਮੀਟਰ ਦੂਰ ਤੱਕ ਲੈ ਗਏ ਸਨ। ਲਕਸਮੀ ਦੀਆਂ ਚੀਕਾਂ ਦੀ ਆਵਾਜ ਸੁਣ ਕੇ ਮੁਹੱਲੇ ਦੇ ਲੋਕ ਘਰਾਂ ਵਿਚੋਂ ਬਾਹਰ ਆ ਗਏ ਅਤੇ ਮੁਲਜਮਾਂ ਦਾ ਪਿੱਛਾ ਕਰਨਾ ਸੁਰੂ ਕਰ ਦਿੱਤਾ। ਵੀਡੀਓ 'ਚ ਇਹ ਵੀ ਸਾਫ ਨਜਰ ਆ ਰਿਹਾ ਹੈ ਕਿ ਕੁਝ ਲੋਕ ਤੇਜੀ ਨਾਲ ਭੱਜ ਰਹੇ ਹਨ ਅਤੇ ਕੁੜੀ ਨੂੰ ਬਚਾਉਣ ਅਤੇ ਦੋਸੀ ਨੂੰ ਫੜਨ ਦੀ ਕੋਸਿਸ ਕਰ ਰਹੇ ਹਨ। ਹਾਲਾਂਕਿ ਅੰਤ 'ਚ ਲੁਟੇਰਿਆਂ ਨੇ ਕੁੜੀ ਦੇ ਹੱਥੋਂ ਫੋਨ ਖੋਹ ਲਿਆ, ਜਿਸ ਕਾਰਨ ਕੁੜੀ ਸੜਕ 'ਤੇ ਡਿੱਗ ਗਈ। ਇਸ ਪੂਰੀ ਘਟਨਾ 'ਚ ਲਕਸਮੀ ਨੂੰ ਕਈ ਤਰ੍ਹਾਂ ਦੀਆਂ ਖਰੋਚਾਂ ਆਈਆਂ ਹਨ। ਇਸ ਤੋਂ ਪਹਿਲਾਂ ਕਿ ਕੋਈ ਬਦਮਾਸਾਂ ਨੂੰ ਫੜਦਾ, ਉਹ ਉਥੋਂ ਫਰਾਰ ਹੋ ਗਏ।

## ਪਿਓ ਨੇ ਹੱਥੀਂ ਉਜਾੜਿਆ ਘਰ, ਧੀਆਂ ਦਾ ਕਤਲ ਕਰ ਕੇ ਕਰ ਲਈ ਖੁਦਕੁਸੀ

ਪ੍ਰਯਾਗਰਾਜ 10 ਸਤੰਬਰ। ਸਹਿਰ ਦੇ ਧੂਮਨਗੰਜ ਥਾਣੇ ਅਧੀਨ ਪੈਂਦੇ ਰਾਮਮਨ ਕਾ ਪੁਰਵਾ ਇਲਾਕੇ ਵਿਚ ਐਤਵਾਰ ਦੁਪਹਿਰ ਨੂੰ ਇਕ ਵਿਅਕਤੀ ਨੇ ਕਥਿਤ ਤੌਰ 'ਤੇ ਤੇਜਧਾਰ ਹਥਿਆਰਾਂ ਨਾਲ ਆਪਣੀਆਂ ਦੋ ਨਾਬਾਲਗ ਧੀਆਂ ਦਾ ਕਤਲ ਕਰ ਕੇ ਫਾਹਾ ਲਗਾ ਲਿਆ। ਵਧੀਕ ਪੁਲਸ ਕਮਿਸਨਰ ਐੱਨ ਕੋਲਾਂਚੀ ਨੇ ਦੱਸਿਆ ਕਿ ਅੱਜ ਦੁਪਹਿਰ '112' 'ਤੇ ਸੂਚਨਾ ਦਿੱਤੀ ਗਈ ਕਿ ਧੂਮਨਗੰਜ ਦੇ ਇਕ ਘਰ 'ਚ ਇਕ ਵਿਅਕਤੀ ਨੇ ਫਾਹਾ ਲੈ ਲਿਆ ਹੈ ਅਤੇ ਉਸ ਦੀਆਂ ਦੋ ਬੇਟੀਆਂ ਦੀਆਂ ਲਾਸਾਂ ਨੇੜੇ ਹੀ ਪਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸੂਚਨਾ 'ਤੇ ਪੁਲਸ ਨੇ ਫੀਲਡ ਯੂਨਿਟ ਸਮੇਤ ਮੌਕੇ 'ਤੇ ਪਹੁੰਚ ਕੇ ਕਮਰੇ ਦਾ ਦਰਵਾਜਾ ਖੋਲ੍ਹਿਆ ਜੋ ਅੰਦਰੋਂ ਬੰਦ ਸੀ। ਕੋਲਾਂਚੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਨੀਸ ਪ੍ਰਜਾਪਤੀ (30), ਉਸ ਦੀ ਬੇਟੀ ਨੈਨਸੀ (5) ਤੇ ਖੁਸਬੂ (3) ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਪਹਿਲੀ ਨਜਰੇ ਇਹ ਜਾਪਦਾ ਹੈ ਕਿ ਧੀਆਂ ਦੇ ਪੇਟ ਵਿੱਚ ਛੁਰਾ ਮਾਰਿਆ ਗਿਆ ਹੈ। ਕੋਲਾਂਚੀ ਨੇ ਕਿਹਾ ਕਿ ਮਨੀਸ ਪੇਂਟਿਗ ਦਾ ਕੰਮ ਕਰਦਾ ਸੀ ਅਤੇ ਦੁਪਹਿਰ ਨੂੰ ਉਸਨੇ ਆਪਣੀ ਪਤਨੀ ਨੂੰ ਬੁਲਾਇਆ ਅਤੇ ਪੁੱਛਿਆ ਕਿ ਉਹ ਕਿੱਥੇ ਹੈ। ਪਤਨੀ ਨੇ ਦੱਸਿਆ ਕਿ ਉਹ ਬਾਜਾਰ 'ਚ ਸੀ। ਇਸ ਤੋਂ ਬਾਅਦ ਦੀਆਂ ਦੋ ਬੇਟੀਆਂ ਦੀਆਂ ਲਾਸਾਂ ਨੇੜੇ ਹੀ ਪਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸੂਚਨਾ 'ਤੇ ਪੁਲਸ ਨੇ ਫੀਲਡ ਯੂਨਿਟ ਸਮੇਤ ਮੌਕੇ 'ਤੇ ਪਹੁੰਚ ਕੇ ਕਮਰੇ ਦਾ ਦਰਵਾਜਾ ਖੋਲ੍ਹਿਆ ਜੋ ਅੰਦਰੋਂ ਬੰਦ ਸੀ। ਕੋਲਾਂਚੀ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਨੀਸ ਪ੍ਰਜਾਪਤੀ (30), ਉਸ ਦੀ ਬੇਟੀ ਨੈਨਸੀ (5) ਤੇ ਖੁਸਬੂ (3) ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਮਨੀਸ ਨੇ ਇਹ ਕਦਮ ਚੁੱਕਿਆ। ਉਨ੍ਹਾਂ ਕਿਹਾ ਕਿ ਕਤਲ ਅਤੇ ਖੁਦਕੁਸੀ ਦੇ ਕਾਰਨਾਂ ਦਾ ਪਤਾ ਜਾਂਚ ਤੋਂ ਬਾਅਦ ਹੀ ਲੱਗੇਗਾ। ਕੋਲਾਂਚੀ ਅਨੁਸਾਰ ਮਨੀਸ ਦੀ ਪਤਨੀ ਫਿਲਹਾਲ ਗੱਲ ਕਰਨ ਦੀ ਸਥਿਤੀ ਵਿਚ ਨਹੀਂ ਹੈ ਅਤੇ ਫੋਰੈਂਸਿਕ ਟੀਮ ਸਬੂਤ ਆਦਿ ਇਕੱਠੇ ਕਰ ਰਹੀ ਹੈ।

## ਡਰੋਨ ਰਾਹੀਂ ਮੰਗਵਾਈ ਹੈਰੋਇਨ ਬਰਾਮਦ

ਖਾਲੜਾ 10 ਸਤੰਬਰ। ਪਿੰਡ ਕਲਸੀਆਂ ਤੋਂ 529 ਗ੍ਰਾਮ ਹੈਰੋਇਨ ਖੇਤਾਂ 'ਚੋਂ ਬਰਾਮਦ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਖਾਲੜਾ ਸਤਨਾਮ ਸਿੰਘ ਛੀਨਾ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਦੇ ਸਬੰਧ 'ਚ ਪਿੰਡ ਡਲੀਰੀ ਮੌਜੂਦ ਸੀ। ਇਸ ਦੌਰਾਨ ਸਰਦਾਰਾ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਕਲਸੀਆਂ ਨੇ ਪੁਲਸ ਨੂੰ ਫੋਨ 'ਤੇ ਇਤਲਾਹ ਦਿੱਤੀ ਕਿ ਮੇਰੇ ਨਾਲ ਲੱਗਦੇ ਖੇਤ ਜਗਮੋਨ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਕਲਸੀਆਂ ਦੇ ਖੇਤ ਚਰੀ ਤੇ ਝੋ

## ਕੱਪੜਾ ਵਪਾਰੀ 'ਤੇ ਅਣਪਛਾਤਿਆਂ ਨੇ ਚਲਾਈਆਂ ਤਾਬੜਤੋੜ ਗੋਲੀਆਂ

ਬਾਬਾ ਬਕਾਲਾ ਸਾਹਿਬ 10 ਸਤੰਬਰ। ਇਸ ਖੇਤਰ ਵਿਚ ਦਿਨ ਬ ਦਿਨ ਗੋਲੀਆਂ ਚੱਲਣਾ, ਲੁੱਟ-ਖੋਹ ਅਤੇ ਚੋਰੀਆਂ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੋਣ ਕਰ ਕੇ ਲੋਕਾਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਉਨ੍ਹਾਂ ਵੱਲੋਂ ਪੁਲਸ ਪ੍ਰਸ਼ਾਸਨ ਵਿਰੁੱਧ ਆਪਣੀ ਨਰਾਜ਼ਗੀ ਵੀ ਜਾਹਿਰ ਕੀਤੀ

ਜਾ ਰਹੀ ਹੈ। ਤਾਜ਼ਾ ਘਟਨਾ ਅਨੁਸਾਰ ਬੀਤੀ ਰਾਤ ਕਰੀਬ 9 ਵਜੇ ਬਿਆਸ ਵਿਖੇ ਕੱਪੜੇ ਦੇ ਵਪਾਰੀ ਰਾਜਨ ਜਦ ਆਪਣੀ ਦੁਕਾਨ ਬੰਦ ਕਰਕੇ ਆਪਣੇ ਘਰ ਅੰਮ੍ਰਿਤਸਰ ਜਾਣ ਲਈ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ ਤਾਂ ਦੋ ਅਣਪਛਾਤੇ ਨੌਜਵਾਨਾਂ ਨੇ ਉਸ ਉਪਰ ਤਿੰਨ ਫਾਇਰ ਦਾਗੇ, ਜਿਨ੍ਹਾਂ 'ਚੋਂ ਇਕ ਗੋਲੀ ਵਪਾਰੀ ਦੇ ਪੱਟ ਵਿਚ ਲੱਗੀ। ਇਸਦੇ ਰੋਸ ਵਜੋਂ ਬਿਆਸ ਦੇ ਸਮੂਹ ਦੁਕਾਨਦਾਰ ਨੇ ਦੁਕਾਨਾਂ ਬੰਦ ਰੱਖ ਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਇਨਸਾਫ ਦੀ ਮੰਗ ਕੀਤੀ। ਅੰਤ ਵਿਚ ਜੀ. ਆਰ. ਪੀ. ਪੁਲਸ ਵੱਲੋਂ ਇਸ ਸਬੰਧੀ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਇਸ ਘਟਨਾ ਤੋਂ ਬਾਅਦ ਦੁਕਾਨਦਾਰਾਂ ਵਿਚ ਸਹਿਮ ਅਤੇ ਦਹਿਸ਼ਤ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਸੀ।

# ਦਿਹਾਤੀ ਪੁਲਸ ਵੱਲੋਂ ਬਦਨਾਮ ਨਸ਼ਾ ਸਮੱਗਲਰ ਰਾਣੋ ਤੇ ਉਸ ਦੀ ਧੀ ਸਣੇ 3 ਕਾਬੂ

ਜਲੰਧਰ 10 ਸਤੰਬਰ। ਦਿਹਾਤੀ ਪੁਲਸ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਵੱਲੋਂ ਇਕ ਸਾਂਝੇ ਆਪ੍ਰੇਸ਼ਨ 'ਚ 3 ਬਦਨਾਮ ਨਸਾ ਸਮੱਗਲਰ, ਜਿਨ੍ਹਾਂ 'ਚ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਲੋੜੀਂਦਾ ਅਤੇ ਭਗੌੜਾ ਅਪਰਾਧੀ, ਨਾਮੀ ਨਸਾ ਸਮੱਗਲਰ ਰਾਣੋ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਟੀਮ ਨੇ 1.12 ਲੱਖ ਰੁਪਏ ਦੀ ਡਰੱਗ ਮਨੀ, ਸੋਨੇ ਦੇ ਗਹਿਣੇ ਅਤੇ ਇਕ ਗੱਡੀ ਵੀ ਬਰਾਮਦ ਕੀਤੀ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਰਾਣੋ ਪਤਨੀ ਦਰਸਨ ਲਾਲ ਵਾਸੀ ਪੱਟੀ ਤੱਖਰ ਸੰਕਰ, ਥਾਣਾ ਸਦਰ ਨਕੋਦਰ, ਉਸ ਦੀ ਪੁੱਤਰੀ ਬਲਜਿੰਦਰ ਕੌਰ ਪਤਨੀ ਪਰਮਿੰਦਰ ਕੁਮਾਰ ਵਾਸੀ ਪਿੰਡ ਲੰਗੜੋਆ ਜਿ?ਲ੍ਹਾ ਸਹੀਦ ਭਗਤ ਸਿੰਘ ਨਗਰ ਅਤੇ ਉਨ੍ਹਾਂ ਦਾ ਡਰਾਈਵਰ, ਸੁਖਦੇਵ ਉਰਫ ਦਾਨੀ ਵਜੋਂ ਹੋਈ ਹੈ। ਰਾਣੋ 'ਤੇ ਜਿ?ਲ੍ਹੇ ਦੇ ਵੱਖ-ਵੱਖ ਥਾਣਿਆਂ 'ਚ 17 ਕੇਸ ਦਰਜ ਹਨ। ਗੱਡੀ ਨੰ. ਪੀ. ਬੀ-10-ਐੱਫ. ਸੀ-5511 ਹੈ, ਜਿਸ ਦੀ ਨਸਾ ਸਮੱਗਲਿੰਗਲਈ ਵਰਤੇ ਜਾਣ ਦਾ ਸੱਕ ਹੈ, ਨੂੰ ਵੀ ਜਬਤ ਕੀਤਾ ਗਿਆ ਹੈ। ਸੀਨੀ. ਕਪਤਾਨ ਪੁਲਸ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਹ ਗ੍ਰਿਫਤਾਰੀਆਂ ਜਿ?ਲ੍ਹੇ 'ਚ ਨਸਿ?ਆਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਵਿੱਢੀ ਗਈ ਵੱਡੀ ਮੁਹਿੰਮ ਦਾ ਹਿੱਸਾ ਹਨ। ਇਹ ਸਾਂਝਾ

ਆਪ੍ਰੇਸ਼ਨ ਐੱਸ. ਪੀ. (ਇਨਵੈਸਟੀਗੇਸਨ) ਜਸਰੂਪ ਕੌਰ ਬਾਠ ਦੀ ਦੇਖ-ਰੇਖ ਹੇਠ ਡੀ. ਐੱਸ. ਪੀ. ਕੁਲਵਿੰਦਰ ਸਿੰਘ ਵਿਰਕ, ਥਾਣਾ ਸਦਰ ਨਕੋਦਰ ਦੇ ਐੱਸ. ਐੱਚ. ਓ. ਸਬ-ਇੰਸ. ਬਲਜਿੰਦਰ ਸਿੰਘ ਅਤੇ ਏ. ਜੀ. ਟੀ. ਐੱਫ. ਦੇ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਇਆ ਗਿਆ। ਹੈਰੋਇਨ ਦੀ ਸਮੱਗਲਿੰਗ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਰਾਣੋ ਦੇਵੀ ਲੋੜੀਂਦੀ ਸੀ। ਉਸ ਨੇ ਅਕਸੈ ਛਾਬੜਾ ਤੋਂ ਹੈਰੋਇਨ ਪ੍ਰਾਪਤ ਕੀਤੀ ਸੀ, ਜਿਸ ਨੇ ਅਜੈ ਕੁਮਾਰ ਉਰਫ ਗੋਰਾ ਗਰੋਵਰ ਤੇ ਸੰਦੀਪ ਸਿੰਘ ਉਰਫ ਦੀਪੂ ਰਾਹੀਂ ਵਿਸਵਕਰਮਾ ਚੌਂਕ, ਲੁਧਿਆਣਾ 'ਚ ਨਸਾ ਪਹੁੰਚਾਇਆ ਸੀ। ਰਾਣੋ ਨੇ ਪਹਿਲਾਂ 15 ਨਵੰਬਰ, 2022 ਨੂੰ 20.326 ਕਿਲੋਗ੍ਰਾਮ ਦੀ ਵੱਡੀ ਜਬਤ 'ਚੋਂ 2 ਕਿਲੋਗ੍ਰਾਮ ਹੈਰੋਇਨ ਖਰੀਦਣ ਲਈ ਪੇਸਗੀ ਭੁਗਤਾਨ ਕੀਤਾ ਸੀ। ਐੱਸ. ਐੱਸ. ਪੀ. ਖੱਖ ਨੇ ਸਮੱਗਲਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਲੰਧਰ ਦਿਹਾਤੀ ਪੁਲਸ, ਏ. ਜੀ. ਟੀ. ਐੱਫ. ਵਰਗੀਆਂ ਏਜੰਸੀਆਂ ਦੇ ਸਹਿਯੋਗ ਨਾਲ ਨਸੇ ਦੇ ਅਪਰਾਧੀਆਂ ਦਾ ਡੱਟ ਕੇ ਪਿੱਛਾ ਕਰਨ ਲਈ ਵਚਨਬੱਧ ਹੈ।

## ਡੀਪੂ ਦੀ ਕਣਕ ਚੋਰੀ ਕਰਕੇ ਲਿਜਾ ਰਹੇ ਟਰੱਕ ਨੂੰ ਪਨਗ੍ਰੇਨ ਦੇ ਚੇਅਰਮੈਨ ਬਲਦੇਵ ਸਿੰਘ ਨੇ ਕੀਤਾ ਪੁਲਸ ਹਵਾਲੇ

ਅਜਨਾਲਾ/ਭਿੰਡੀ ਸੈਦਾਂ 10 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚ ਭ੍ਰਿਸਟਾਚਾਰ ਖਤਮ ਕਰਨ ਦੇ ਦਿੱਤੇ ਸਖਤ ਦਿਸਾ ਨਿਰਦੇਸਾਂ 'ਤੇ ਚੱਲਦਿਆਂ ਪਨਗ੍ਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਅੱਜ ਸਵੇਰ ਤੜਕਸਾਰ ਡੀਪੂ ਦੀ ਕਣਕ ਚੋਰੀ ਕਰਕੇ ਲਿਜਾ ਰਹੇ ਟਰੱਕ ਨੂੰ ਕਾਬੂ ਕਰਕੇ ਪੁਲਸ ਹਵਾਲੇ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਨਗ੍ਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆ ਨੇ ਦੱਸਿਆ ਕਿ ਲੋੜਵੰਦ ਲਾਭਪਾਤਰੀਆਂ ਨੂੰ ਡੀਪੂ ਤੋਂ ਮਿਲਣ ਵਾਲੀ ਕਣਕ ਨੂੰ ਕੁਝ ਸਰਾਰਤੀ ਅਨਸਰਾਂ ਵੱਲੋਂ ਇੱਕ ਟਰੱਕ ਨੰਬਰ ਪੀ.ਬੀ 11 ਏ.ਯੂ 9421 ਵਿਚ ਭਰ ਕੇ ਅਣਦੱਸੀ ਜਗ੍ਹਾ 'ਤੇ ਲਿਜਾਇਆ ਜਾ ਰਿਹਾ ਸੀ, ਜਿਸ ਨੂੰ ਫੂਡ ਸਪਲਾਈ ਇੰਸਪੈਕਟਰ ਵਿਨੋਦ ਖੋਸਲਾ ਦੀ ਅਗਵਾਈ ਹੇਠ ਕਾਬੂ ਕਰ ਕੇ ਉਹਨਾਂ ਪਾਸੋਂ ਇਸ ਕਣਕ ਦੇ ਬਿੱਲ ਅਤੇ ਹੋਰ ਕਾਗਜ ਪੱਤਰਾਂ ਦੀ ਪੁੱਛਗਿੱਛ ਕੀਤੀ ਤਾਂ ਸਿਰਫ ਇੱਕ ਕੰਡਾ ਪਰਚੀ ਹੀ ਨਿਕਲੀ। ਜਦੋਂ ਕਿ ਇਸ ਟਰੱਕ ਵਿੱਚ ਟੋਟਲ 550 ਬੈਗ ਕਣਕ ਦੇ ਲਜਾਏ ਜਾ ਰਹੇ ਸਨ। ਉਹਨਾਂ ਕਿਹਾ ਕਿ ਇਸ ਟਰੱਕ ਨੂੰ ਪੁਲਸ ਹਵਾਲੇ ਕਰਨ ਤੋਂ ਬਾਅਦ ਇਸ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

# ਟਿਕਟ ਲੈ ਕੇ ਟਰੇਨ 'ਚ ਹੁੰਦਾ ਸੀ ਸਵਾਰ, ਫਿਰ ਕਰਦਾ ਸੀ ਅਜਿਹਾ ਕਾਂਡ, ਜੋ ਕੋਈ ਸੋਚ ਵੀ ਨਹੀਂ ਸਕਦਾ

ਲੁਧਿਆਣਾ 10 ਸਤੰਬਰ। ਰੇਲਵੇ ਸੁਰੱਖਿਆ ਫੋਰਸ ਦੀ ਟੀਮ ਨੇ ਇਕ ਸ਼ਾਤਰ ਅਤੇ ਅਪ ਟੂ ਡੇਟ ਮੁਲਜ਼ਮ ਨੂੰ ਕਾਬੂ ਕੀਤਾ ਹੈ, ਜੋ ਟਰੇਨ 'ਚ ਟਿਕਟ ਲੈ ਕੇ ਸਵਾਰ ਹੁੰਦਾ ਸੀ ਅਤੇ ਵਾਰਦਾਤ ਤੋਂ ਬਾਅਦ ਅਗਲੇ ਸਟੇਸ਼ਨ 'ਤੇ ਉਤਰ ਜਾਂਦਾ ਸੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਸ ਦੇ ਸਾਥੀ ਚੋਰੀ ਕੀਤੇ ਸਾਮਾਨ ਨੂੰ ਟਿਕਾਣੇ ਲਗਾ ਦਿੰਦੇ ਸਨ। ਟੀਮ ਨੇ ਉਸ ਨੂੰ ਚੋਰੀ ਕੀਤੇ 2 ਮਖਾਣਿਆਂ ਦੇ ਬੋਰਿਆਂ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਮੁਲਜ਼ਮ ਖਿਲਾਫ ਰੇਲਵੇ ਐਕਟ ਤਹਿਤ ਕੇਸ ਦਰਜ ਕਰ ਕੇ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਹੈ। ਉਸ ਦੀ ਪਛਾਣ ਲੁਧਿਆਣਾ ਦੇ ਰਹਿਣ ਵਾਲੇ ਦਲੀਪ ਸਿੰਘ ਵਜੋਂ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਪਿਛਲੇ ਦਿਨਾਂ ਤੋਂ ਪਲੇਟਫਾਰਮ 'ਤੇ ਬੁੱਕ ਹੋ ਕੇ ਆਇਆ ਸਾਮਾਨ ਚੋਰੀ ਹੋ ਰਿਹਾ ਸੀ, ਜਿਸ ਕਾਰਨ ਸ਼ਿਕਾਇਤ ਮਿਲਣ 'ਤੇ ਆਰ.ਪੀ.ਐੱਫ. ਵੱਲੋਂ ਟ੍ਰੈਪ ਲਗਾ ਕੇ ਮੁਲਜ਼ਮ ਨੂੰ ਕਾਬੂ ਕੀਤਾ ਗਿਆ। ਮੁਲਜ਼ਮ ਨੂੰ ਪਲੇਟਫਾਰਮ ਨੰ. 2 ਤੋਂ ਕਾਬੂ ਕੀਤਾ,

ਜਦੋਂ ਉਹ ਚੋਰੀ ਕੀਤੀਆਂ ਬੋਰੀਆਂ ਨੂੰ ਟਰੇਨ 'ਚ ਲੱਦ ਚੁੱਕਾ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਪਹਿਲਾਂ ਲੁਧਿਆਣਾ ਦੇ ਕੋਲ ਰੇਲਵੇ ਸਟੇਸ਼ਨ ਫਿਲੌਰ ਜਾਂ ਫਗਵਾੜਾ ਦੀ ਟਿਕਟ ਲੈਂਦਾ ਸੀ ਅਤੇ ਅਪ ਟੂ ਡੇਟ ਕੱਪੜੇ ਪਹਿਨਦਾ ਸੀ। ਫਿਰ ਕੋਈ ਨਾ ਕੋਈ ਬੁੱਕ ਹੋ ਕੇ ਆਇਆ ਹਲਕਾ ਨਗ ਲੱਭ ਕੇ ਉਸ ਨੂੰ ਆਉਣ ਵਾਲੀ ਟਰੇਨ ਦੇ ਕੋਚ ਦੇ ਕੋਲ ਕਰ ਲੈਂਦਾ ਸੀ। ਟਰੇਨ ਦੇ ਚਲਦੇ ਹੀ ਸਾਮਾਨ ਨੂੰ ਟਰੇਨ 'ਚ ਰੱਖ ਲੈਂਦਾ ਅਤੇ ਦੋਮੋਰੀਆ ਪੁਲ 'ਤੇ ਪੁੱਜਦੇ ਹੀ ਉਸ ਨੂੰ ਸੁੱਟ ਦਿੰਦਾ ਸੀ, ਜਿਸ ਨੂੰ ਉਸ ਦੇ ਸਾਥੀ ਚੁੱਕ ਲੈਂਦੇ ਸਨ। ਅਧਿਕਾਰੀ ਮੁਲਜ਼ਮ ਤੋਂ ਹੋਰਨਾਂ ਮਾਮਲਿਆਂ ਅਤੇ ਉਸ ਦੇ ਸਾਥੀਆਂ ਸਬੰਧੀ ਪੁੱਛਗਿੱਛ ਕਰ ਰਹੇ ਹਨ। ਮੁਲਜ਼ਮ ਟਿਕਟ ਪੁਲਸ ਤੋਂ ਬਚਣ ਲਈ ਲੈਂਦਾ ਸੀ, ਤਾਂ ਕਿ ਫੜੇ ਜਾਣ 'ਤੇ ਪੁਲਸ ਨੂੰ ਇਹ ਕਹਿ ਕੇ ਬਚ ਸਕੇ ਕਿ ਉਹ ਯਾਤਰੀ ਹੈ ਪਰ ਮੁਲਜ਼ਮ ਦੀ ਸਾਮਾਨ ਚੋਰੀ ਕਰਨ ਦੀ ਹਰਕਤ ਰੇਲਵੇ ਸਟੇਸ਼ਨ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ।

## ਪਿਓ ਤੋਂ ਪਏ ਥੱਪੜ ਕਾਰਨ ਗੁੱਸੇ ਹੋਏ ਪੁੱਤ ਨੇ ਗਲੇ ਲਾਈ ਮੌਤ, ਪਰਿਵਾਰ 'ਚ ਮਚਿਆ ਚੀਕ-ਚਿਹਾੜਾ

ਬਲੀਆ 10 ਸਤੰਬਰ। ਉੱਤਰ ਪ੍ਰਦੇਸ ਦੇ ਬਲੀਆ ਜਿ?ਲ੍ਹੇ 'ਚ ਪਿਤਾ ਦੀ ਝਿੜਕ ਕਾਰਨ ਇਕ ਨੌਜਵਾਨ ਨੇ ਕਥਿਤ ਤੌਰ 'ਤੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਇਰਸਾਦ ਅੰਸਾਰੀ (17) ਨਾਂ ਦੇ ਨੌਜਵਾਨ ਦੀ ਲਾਸ ਸਨੀਵਾਰ ਸਾਮ ਨੂੰ ਖੇਜੂਰੀ ਥਾਣਾ ਖੇਤਰ ਦੇ ਜਾਨੁਆਨ ਪਿੰਡ 'ਚ ਕਬਰਸਤਾਨ ਨੇੜੇ ਇਕ ਬਾਗ 'ਚ ਇਕ ਦਰੱਖਤ ਨਾਲ ਲਟਕਦੀ ਹੋਈ ਮਿਲੀ। ਲਾਸ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਮੁੱਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਪੰਜ ਦਿਨ ਪਹਿਲਾਂ ਇਰਸਾਦ ਦੇ ਪਿਤਾ ਰਹੀਮ ਨੇ ਕੰਮ ਨਾ ਕਰਨ 'ਤੇ ਉਸ ਨੂੰ ਝਿੜਕਿਆ ਸੀ ਅਤੇ ਉਸ ਦੇ ਥੱਪੜ ਵੀ ਮਾਰਿਆ ਸੀ, ਜਿਸ ਕਾਰਨ ਉਹ ਗੁੱਸੇ 'ਚ ਆ ਕੇ ਘਰੋਂ ਚਲਾ ਗਿਆ ਸੀ। ਉਸ ਦਿਨ ਤੋਂ ਉਹ ਘਰ ਵਾਪਸ ਨਹੀਂ ਆਇਆ। ਸੂਤਰਾਂ ਨੇ ਦੱਸਿਆ ਕਿ ਪਰਿਵਾਰਕ ਮੈਂਬਰ ਇਰਸਾਦ ਦੀ ਭਾਲ ਕਰ ਰਹੇ ਸਨ ਅਤੇ ਸਨੀਵਾਰ ਸਾਮ ਉਸ ਦੀ ਲਾਸ ਬਰਾਮਦ ਹੋਈ। ਉਨ੍ਹਾਂ ਕਿਹਾ ਕਿ ਪਹਿਲੀ ਨਜਰੇ ਇਹ ਖੁਦਕੁਸੀ ਦਾ ਮਾਮਲਾ ਜਾਪਦਾ ਹੈ। ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਕਨ੍ਹਈਆ ਮਿੱਤਲ ਨੇ ਕਾਂਗਰਸ 'ਚ ਸਾਮਲ ਹੋਣ ਲਈ ਮੰਗੀ ਮੁਆਫੀ: ਚਰਨਜੀਵ ਮਲਹੋਤਰਾ

ਨਵੀਂ ਦਿੱਲੀ। ਉੱਘੇ ਸਮਾਜ ਸੇਵਕ ਅਤੇ ਗਊ ਰੱਖਿਆ ਅਤੇ ਕੋਰੋਨਾ ਯੋਧੇ ਚਰਨਜੀਵ ਮਲਹੋਤਰਾ ਨੇ ਕਿਹਾ ਕਿ ਕਨ੍ਹਈਆ ਮਿੱਤਲ ਨੇ ਪਹਿਲਾਂ ਕਾਂਗਰਸ ਵਿੱਚ ਸਾਮਲ ਹੋਣ ਦਾ ਐਲਾਨ ਕੀਤਾ ਸੀ ਪਰ ਹੁਣ ਕਨ੍ਹਈਆ ਮਿੱਤਲ ਨੇ ਆਪਣੇ ਸਬਦਾਂ ਤੋਂ ਯੂ-ਟਰਨ ਲੈਂਦਿਆਂ ਹਿੰਦੂ ਸੰਗਠਨਾਂ ਅਤੇ ਸਨਾਤਨੀਆਂ ਦਾ ਭਰੋਸਾ ਬਰਕਰਾਰ ਰੱਖਿਆ ਹੈ। ਅਤੇ ਅਸੀਂ ਸਾਰੇ ਰਾਮ ਦੇ ਸੀ, ਰਾਮ ਦੇ ਹਾਂ ਅਤੇ ਹਮੇਸਾ ਰਾਮ ਰਹਾਂਗੇ ਅਤੇ ਮੈਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾਵਾਂ ਅਤੇ ਵਰਕਰਾਂ ਅਤੇ ਸਨਾਤਨੀਆਂ ਅਤੇ ਰਾਮ ਭਗਤਾਂ ਤੋਂ ਮੁਆਫੀ ਮੰਗਦਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਯੂਪੀ ਵਿਧਾਨ ਸਭਾ ਚੋਣਾਂ ਵਿੱਚ ਕਨ੍ਹਈਆ ਮਿੱਤਲ ਦਾ ਗੀਤ 'ਜੋ ਰਾਮ ਕੋ ਲਏ ਹੈ ਹਮ ਉਨਕੋ ਲਾਏਂਗੇ'

ਭਾਜਪਾ ਲਈ ਸਿਆਸੀ ਜੀਵਨ ਰੇਖਾ ਸਾਬਤ ਹੋਇਆ ਸੀ ਅਤੇ ਇਹ ਗੀਤ ਵੋਟਰਾਂ ਦੇ ਦਿਲਾਂ ਵਿੱਚ ਇਸ ਤਰ੍ਹਾਂ ਪਹੁੰਚਿਆ ਸੀ ਕਿ ਸਾਰੇ ਚਰਨਜੀਵ ਮਲਹੋਤਰਾ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾਵਾਂ ਅਤੇ ਵਰਕਰਾਂ ਅਤੇ ਰਾਮ ਅਤੇ ਸਨਾਤਨ ਦੇ ਭਗਤਾਂ ਨੂੰ ਬਹੁਤ ਠੇਸ ਪਹੁੰਚੀ ਹੈ। ਮਸਹੂਰ ਗਾਇਕ ਕਨ੍ਹਈਆ ਮਿੱਤਲ ਨੂੰ ਪਿਛਲੇ ਦੋ ਦਿਨਾਂ ਵਿੱਚ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ। ਕਨ੍ਹਈਆ ਮਿੱਤਲ ਨੇ ਹੁਣ ਲਾਈਵ ਹੋ ਕੇ ਆਪਣਾ ਬਿਆਨ ਵਾਪਸ ਲੈ ਲਿਆ ਹੈ ਅਤੇ ਤੁਹਾਨੂੰ ਦੱਸ ਦੇਈਏ ਕਿ ਕਨ੍ਹਈਆ ਮਿੱਤਲ ਦਾ ਲੁਧਿਆਣਾ 'ਚ ਜੋਰਦਾਰ ਵਿਰੋਧ ਹੋਇਆ ਸੀ। ਜਿੱਥੇ ਹਿੰਦੂ ਸੰਗਠਨਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਕਨ੍ਹਈਆ ਮਿੱਤਲ ਨਾਲ ਕੋਈ ਸਮਾਗਮ ਨਾ ਕਰਨ ਦਾ ਐਲਾਨ ਕੀਤਾ ਸੀ। ਇਹ ਵਿਰੋਧ ਸਿਰਫ ਇੱਕ ਥਾਂ ਤੱਕ ਸੀਮਤ ਨਹੀਂ ਸੀ, ਸਗੋਂ ਉੱਤਰ ਪ੍ਰਦੇਸ, ਮੱਧ ਪ੍ਰਦੇਸ, ਹਰਿਆਣਾ, ਰਾਜਸਥਾਨ ਅਤੇ ਪੰਜਾਬ ਵਿੱਚ ਵੀ ਦੇਖਿਆ ਗਿਆ ਸੀ ਕਿ ਤੁਸੀਂ ਸਾਰੇ ਪਰੇਸਾਨ ਹੋ ਅਤੇ ਮੈਂ ਕਾਂਗਰਸ ਵਿੱਚ ਸਾਮਲ ਹੋਣ ਦੇ ਆਪਣੇ ਸਬਦ ਵਾਪਸ ਲੈ ਲੈਂਦਾ ਹਾਂ ਕਿਉਂਕਿ ਮੈਂ ਕਿਸੇ ਨੂੰ ਹਾਰਨਾ ਨਹੀਂ ਚਾਹੁੰਦਾ ਸਨਾਤਨ ਧਰਮ। ਚਰਨਜੀਵ ਮਲਹੋਤਰਾ ਨੇ ਭਾਜਪਾ 'ਚ ਵਾਪਸੀ 'ਤੇ ਕਨ੍ਹਈਆ ਮਿੱਤਲ ਦਾ ਧੰਨਵਾਦ ਕੀਤਾ।

## ਪਠਾਨਕੋਟ 'ਚ ਅਗਵਾ ਹੋਏ ਬੱਚੇ ਦੇ ਮਾਮਲੇ ਵਿਚ ਸਨਸਨੀਖੇਜ ਖੁਲਾਸਾ

ਪਠਾਨਕੋਟ 10 ਸਤੰਬਰ। ਬੀਤੇ ਦਿਨੀਂ ਜਿ?ਲ੍ਹਾ ਪਠਾਨਕੋਟ ਦੀ ਸ਼ਾਹ ਕਲੋਨੀ ਤੋਂ ਬੱਚੇ ਨੂੰ ਕਿਡਨੈਪ ਕਰਨ ਦੀ ਘਟਨਾ ਸਾਹਮਣੇ ਆਈ ਸੀ, ਜਿਸ ਦੇ ਚਲਦੇ ਪੁਲਸ ਨੇ ਮੁਸਤੈਦੀ ਵਿਖਾਉਂਦੇ ਹੋਏ ਮਹਿਜ ਸੱਤ ਘੰਟਿਆਂ 'ਚ ਬੱਚੇ ਨੂੰ ਕਿਡਨੈਪਰਾਂ ਕੋਲੋਂ ਬਰਾਮਦ ਕਰ ਲਿਆ ਅਤੇ ਉਸੇ ਘੜੀ ਦੇ ਚਲਦੇ ਪੁਲਸ ਵੱਲੋਂ ਵੱਡੇ ਖੁਲਾਸੇ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਪਠਾਨਕੋਟ ਨੇ ਦੱਸਿਆ ਕਿ ਬੱਚੇ ਦੀ ਕਿਡਨੈਪਿੰਗ ਤੋਂ ਬਾਅਦ ਉਹਨਾਂ ਵੱਲੋਂ ਟੀਮਾਂ ਬਣਾਈਆਂ ਗਈਆਂ ਸਨ ਕਿ ਆਖਰਕਾਰ ਇਹ ਘਟਨਾ ਵਾਪਰੀ ਕਿਸ ਤਰ੍ਹਾਂ ਅਤੇ ਕਿਸ ਤਰ੍ਹਾਂ ਆਰੋਪੀਆਂ ਵੱਲੋਂ ਇਸ

ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਪੀੜਤ ਬੱਚੇ ਦੇ ਪਿਤਾ ਦੇ ਸੋਰੂਮ ਵਿਚ ਇੱਕ ਕੁੜੀ ਕੰਮ ਕਰਦੀ ਸੀ ਜਿਸ ਦੇ ਪਤੀ ਵੱਲੋਂ ਇਸ ਸਾਰੀ ਘਟਨਾ ਨੂੰ ਅੰਜਾਮ ਦੇਣ ਲਈ ਆਪਣੇ ਸਾਥੀਆਂ ਨਾਲ ਸਾਜਿਸ ਰਚੀ ਸੀ ਅਤੇ ਬੱਚੇ ਨੂੰ ਕਿਡਨੈਪ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ 'ਚ ਉਹਨਾਂ ਵੱਲੋਂ ਕੁੱਲ ਚਾਰ ਆਰੋਪੀਆਂ 'ਤੇ ਮਾਮਲਾ ਦਰਜ ਕੀਤਾ 

# ਪੰਜਾਬ ਵਿੱਚ ਲਗਾਏ ਜਾਣਗੇ 20 ਹਜ਼ਾਰ ਖੇਤੀ ਸੋਲਰ ਪੰਪ; ਪੰਜ ਹਜ਼ਾਰ ਪੰਪ ਅਨੁਸੂਚਿਤ ਜਾਤੀ ਦੇ ਕਿਸਾਨਾਂ ਤੇ ਪੰਚਾਇਤਾਂ ਲਈ ਰਾਖਵੇਂ ਕੀਤੇ: ਅਮਨ ਅਰੋੜਾ

**➢ ਸੋਲਰ ਪੰਪ ਲਾਉਣ 'ਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਨੂੰ 80% ਤੇ ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਮਿਲੇਗੀ 60% ਸਬਸਿਡੀ ➢ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਵੱਲੋਂ ਪੇਡਾ ਦੇ ਪੋਰਟਲ ਦੀ ਸਮੀਖਿਆ**

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਨੇ ਖੇਤੀਬਾੜੀ ਵਾਸਤੇ ਅਨੁਸੂਚਿਤ ਜਾਤੀ (ਐਸ.ਸੀ.) ਦੇ ਕਿਸਾਨਾਂ ਅਤੇ ਗ੍ਰਾਮ ਪੰਚਾਇਤਾਂ ਲਈ 5000 ਸੋਲਰ ਪੰਪ ਰਾਖਵੇਂ ਕਰਨ ਦਾ ਫ਼ੈਸਲਾ ਕੀਤਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਪ੍ਰਧਾਨ ਮੰਤਰੀ ਕੁਸੁਮ ਸਕੀਮ ਦੇ ਪਹਿਲੇ ਪੜਾਅ ਤਹਿਤ 20,000 ਸੋਲਰ ਪੰਪ (ਸਰਫੇਸ ਅਤੇ ਸਬਮਰਸੀਬਲ) ਲਗਾਉਣ ਸਬੰਧੀ ਸਕੀਮ ਦੀ ਸ਼ੁਰੂਆਤ ਲਈ ਪੂਰੀ ਤਰ੍ਹਾਂ ਤਿਆਰ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 2000 ਸੋਲਰ ਪੰਪ ਸੈੱਟ ਰਾਖਵੇਂ ਰੱਖੇ ਗਏ ਹਨ, ਜਿਨ੍ਹਾਂ ਨੂੰ ਇਸ ਦੀ ਕੁੱਲ ਲਾਗਤ 'ਤੇ 80 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਗ੍ਰਾਮ ਪੰਚਾਇਤਾਂ ਲਈ 3000 ਸੋਲਰ ਪੰਪ ਰਾਖਵੇਂ ਰੱਖੇ ਗਏ ਹਨ। ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਸੋਲਰ ਪੰਪ ਦੀ ਲਾਗਤ ਉੱਤੇ 60% ਸਬਸਿਡੀ ਦਿੱਤੀ ਜਾਵੇਗੀ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਤੀਬਾੜੀ ਸੈਕਟਰ ਨੂੰ ਕਾਰਬਨ-ਮੁਕਤ ਕਰਨ ਵਾਸਤੇ ਕੁਦਰਤੀ ਸੂਰਜੀ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਉਨ੍ਹਾਂ ਨੇ ਪੇਡਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖੇਤੀਬਾੜੀ ਲਈ ਸੋਲਰ-ਪੰਪ ਸਕੀਮ ਨੂੰ ਪਾਰਦਰਸ਼ੀ ਅਤੇ ਨਿਰਵਿਘਨ ਢੰਗ ਨਾਲ ਅਮਲ ਵਿੱਚ ਲਿਆਉਣਾ ਯਕੀਨੀ ਬਣਾਇਆ ਜਾਵੇ।

ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਜਿਨ੍ਹਾਂ ਨਾਲ ਵਿਭਾਗ ਦੇ ਸਕੱਤਰ ਸ੍ਰੀ ਰਵੀ ਭਗਤ ਵੀ ਮੌਜੂਦ ਸਨ, ਨੇ ਸੋਲਰ ਪੰਪਾਂ ਵਾਸਤੇ ਆਨਲਾਈਨ ਅਪਲਾਈ ਕਰਨ ਅਤੇ ਇਨ੍ਹਾਂ ਦੀ ਅਲਾਟਮੈਂਟ ਲਈ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੀ ਸਹਾਇਤਾ ਨਾਲ ਪੇਡਾ ਵੱਲੋਂ ਤਿਆਰ ਕੀਤੇ ਗਏ ਪੋਰਟਲ ਦੀ ਸਮੀਖਿਆ ਵੀ ਕੀਤੀ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸੋਲਰ ਪੰਪਾਂ ਲਈ ਆਨਲਾਈਨ ਅਪਲਾਈ ਕਰਨ ਸਮੇਂ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ।

# ਸਿਹਤ ਟੀਮਾਂ ਵੱਲੋਂ ਹੁਣ ਤੱਕ ਖੁਸ਼ਕ ਦਿਵਸ ਮੌਕੇ 5,89,395 ਘਰਾਂ/ਥਾਂਵਾਂ ਵਿੱਚ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ

**ਡੇਂਗੂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣੀਆ ਜਰੂਰੀ : ਸਿਵਲ ਸਰਜਨ**

**ਪਟਿਆਲਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਂਗੂ ਬਿਮਾਰੀ ਦੀ ਰੋਕਥਾਮ ਲਈ ਚਲਾਏ ਜਾ ਰਹੇ ਹਰੇਕ ਹਫਤੇ ਫਰਾਈ ਡੇਅ-ਡਰਾਈ ਡੇਅ ਅਭਿਆਨ ਤਹਿਤ ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਦੇ ਦਿਸ਼ਾ -ਨਿਰਦੇਸ਼ਾਂ ਅਨੁਸਾਰ ਜਿਲਾ ਸਿਹਤ ਵਿਭਾਗ ਦੀਆ ਟੀਮਾਂ ਵੱਲੋਂ ਅੱਜ ਵਿਸ਼ੇਸ਼ ਮੁਹਿਮ ਦੋਰਾਨ ਜਿਲੇ ਭਰ ਵਿੱਚ ਡੇਂਗੂ ਲਾਰਵੇ ਦੀ ਜਾਂਚ ਲਈ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ।ਸਿਵਲ ਸਰਜਨ ਡਾ.ਜਤਿੰਦਰ ਕਾਂਸਲ ਨੇ ਦੱਸਿਆ ਕਿ ਕਿਸੇ ਕਿਸਮ ਦਾ ਬੁਖਾਰ ਹੋਣ ਤੇ ਜਾਂਚ ਕਰਨੀ ਯਕੀਨੀ ਬਣਾਈ ਜਾਵੇ ਜੋ ਜਿ ਸਾਰੇ ਸਰਕਾਰੀ ਸਿਹਤ ਸੰਸਥਾਂਵਾਂ ਵਿੱਚ ਮੁਫਤ ਕੀਤੀ ਜਾਂਦੀ ਹੈ।ਦਵਾਈ ਸਿਰਫ ਡਾਕਟਰ ਦੀ ਸਲਾਹ ਨਾਲ ਹੀ ਲੈਣੀ ਚਾਹੀਦੀ ਹੈ।ਬੁਖਾਰ ਹੋਣ ਦੀ ਸੂਰਤ ਵਿੱਚ ਸਿਰਫ ਪੈਰਾਸੀਟਾਮੋਲ ਦੀ ਹੀ ਗੋਲੀ ਲੈਣੀ ਚਾਹੀਦੀ ਹੈ ।ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਮੱਛਰ ਦੇ ਦਿਨ ਵੇਲੇ ਕੱਟਣ ਤੇ ਫੈਲਦਾ ਹੈ।ਇਹ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ।ਉਨ੍ਹਾਂ ਨੇ ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਰੋਕਣ ਲਈ ਅਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਟੁੱਟੇ -ਫੁੱਟੇ ਬਰਤਨਾਂ ਨੂੰ ਨਸ਼ਟ ਕਰਨ, ਗਮਲਿਆਂ, ਕੂਲਰਾਂ, ਫਰਿੱਜਾਂ ਦੀਆਂ ਟਰੇਆਂ ਨੂੰ ਸਾਫ ਕਰਨ ਦੀ ਅਪੀਲ ਕੀਤੀ। ਜਿਲਾ ਐਪੀਡੀਮੋਲਿਜਸਟ ਡਾ ਸੁਮੀਤ ਸਿੰਘ ਨੇ ਦੱਸਿਆ ਕਿ ਬਰਸਾਤ ਦਾ ਮੌਸਮ ਹੋਣ ਕਾਰਣ ਮੱਛਰਾਂ ਦੀ ਪੈਦਾਵਾਰ ਵਿੱਚ ਵਾਧਾ ਹੋਣਾ ਕੁਦਰਤੀ ਹੈ,ਇਸ ਲਈ ਸੁਚੇਤ ਰਹਿਣ ਦੀ ਲੋੜ ਹੈ।ਜੇਕਰ ਤੇਜ ਬੁਖਾਰ ਦੇ ਨਾਲ ਸਿਰ

ਦਰਦ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਪਿੱਠ ਵਿੱਚ ਅਕੜਾਅ,ਮਾਸ ਪੇਸ਼ੀਆਂ ਅਤੇ ਹੱਡੀਆਂ ਵਿੱਚ ਦਰਦ ਅਤੇ ਸਰੀਰ ਤੇ ਲਾਲ ਧੱਬੇ ਹੋ ਜਾਣ ਤਾਂ ਡੇਂਗੂ ਦਾ ਟੈਸਟ ਕਰਵਾਉਣਾ ਜਰੂਰੀ ਹੈ।ਇਹ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ।ਇਸ ਮੌਸਮ ਦੋਰਾਨ ਸਾਫ-ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।ਆਲੇ ਦੁਆਲੇ ਪਾਣੀ ਖੜ੍ਹਾ ਨਾਂ ਹੋਣ ਦਿੱਤਾ ਜਾਵੇ। ਮੱਛਰ ਮਾਰ ਸਪਰੇਆਂ ਤੇ ਕਰੀਮਾਂ ਦੀ ਵਰਤੋ ਕੀਤੀ ਜਾਵੇ ।ਅੱਜ ਡਰਾਈ ਡੇਅ-ਫਰਾਈ ਡੇਅ ਅਭਿਆਨ ਤਹਿਤ 39,732 ਘਰਾਂ ਵਿੱਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ।ਅਤੇ 525 ਥਾਵਾਂ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾ ਵੱਲੋਂ ਖੁਸ਼ਕ ਦਿਵਸ ਮੁਹਿੰਮ ਤਹਿਤ 5,89,395 ਘਰਾਂ ਦਾ ਸਰਵੇ ਕੀਤਾ ਗਿਆ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮਹੀਨੇ ਦੋਰਾਨ ਸਕੂਲਾਂ ਵਿੱਚ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਗਤੀਵਿਧੀਆਂ ਜਾਰੀ ਰਹਿਣਗੀਆਂ ਅਤੇ ਸਿਹਤ ਵਿਭਾਗ ਵੱਲੋਂ ਬਾਰਸ਼ਾਂ ਦੇ ਖੜ੍ਹੇ ਪਾਣੀ ਉੱਪਰ ਲਾਰਵੀਸਾਈਡ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਹੈ।

# ਅੱਤਵਾਦ ਪੀੜਤਾਂ ਦੇ ਬੱਚਿਆਂ ਲਈ ਮੈਡੀਕਲ ਕਾਲਜਾਂ ਵਿੱਚ ਚਾਰ ਸੀਟਾਂ ਦੇ ਰਾਖਵੇਂਕਰਨ ਸਬੰਧੀ ਸੂਚਨਾ

**ਫਾਜ਼ਿਲਕਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ ਸੇਨੂ ਦੁੱਗਲ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਤੇ ਮੱਦੇ ਨਜ਼ਰ ਦੱਸਿਆ ਹੈ ਕਿ ਗ੍ਰਹਿ ਮੰਤਰਾਲੇ ਵੱਲੋਂ ਅਕਾਦਮਿਕ ਸਾਲ 2024-25 ਦੌਰਾਨ ਕੇਂਦਰੀ ਪੂਲ ਤੋਂ ਮੈਡੀਕਲ ਕਾਲਜਾਂ ਵਿੱਚ ਐਮਬੀਬੀਐਸ ਦੀਆਂ ਚਾਰ ਸੀਟਾਂ ਸਾਰੇ ਰਾਜਾਂ ਦੇ ਅੱਤਵਾਦ ਪ੍ਰਭਾਵਿਤ ਆਮ ਨਾਗਰਿਕਾਂ ਦੀ ਸ਼੍ਰੇਣੀ ਵਿੱਚੋਂ ਭਰੀਆਂ ਜਾਣੀਆਂ ਹਨ। ਇਹਨਾਂ ਵਿੱਚੋਂ ਗਯਾ ਦੇ ਏਮੈਨ ਮਗਧ ਮੈਡੀਕਲ ਕਾਲਜ ਵਿੱਚ ਇੱਕ, ਮੁੰਬਈ



ਦੇ ਗ੍ਰਾਂਟ ਮੈਡੀਕਲ ਕਾਲਜ ਵਿੱਚ ਇੱਕ ਸੀਟ ਰਾਖਵੀਂ ਹੈ। ਇਸ ਤਹਿਤ ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਬੱਚੇ ਜੋ ਐਮਬੀਬੀਐਸ ਲਈ ਲੋੜੀਦੀਆਂ ਯੋਗਤਾਵਾਂ ਅਤੇ ਨੀਟ ਦੇ ਪੇਪਰ ਵਿੱਚ ਜਰਨਲ ਸ਼੍ਰੇਣੀ ਲਈ 50 ਪਰਸੈਂਟਾਇਲ ਅਤੇ ਐਸਸੀ ਐਸਟੀ ਅਤੇ ਓਬੀਸੀ ਲਈ 40% ਪ੍ਰੋਂਸਟਾਇਲ ਨੰਬਰ ਰੱਖਦੇ ਹਨ ਉਹ ਅਪਲਾਈ ਕਰ ਸਕਦੇ ਹਨ। ਇਸ ਲਈ ਯੋਗ ਉਮੀਦਵਾਰ ਪੰਜਾਬ ਸਰਕਾਰ ਦੇ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਡੀਐਮ ਦੋ ਸ਼ਾਖਾ ਦੇ ਮਾਰਫਤ 17 ਸਤੰਬਰ ਤੋਂ ਪਹਿਲਾ ਆਪਣੀ ਅਰਜੀ ਦੇ ਸਕਦੇ ਹਨ।

# ਪੰਜਾਬ ਸਰਕਾਰ ਨੇ ਡੀਜ਼ਲ ਪੈਟਰੋਲ ਤੇ ਵੈਟ ਵਧਾ ਕੇ ਮਾਰਿਆ ਲੋਕਾਂ ਦੀਆਂ ਜੇਬਾਂ ਤੇ ਇੱਕ ਹੋਰ ਡਾਕਾ: ਲਾਲਕਾ

**ਨਾਭਾ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਦਲਾਅ ਦੇ ਨਾਂ ਤੇ ਬਣੀ ਆਪ ਦੀ ਸੂਬਾ ਸਰਕਾਰ ਵਲੋਂ ਕਿਸਾਨ ਵਲੋਂ ਧਰਨਾ ਚੁੱਕੇ ਜਾਣ ਦੇ ਤੁਰੰਤ ਬਾਅਦ ਡੀਜ਼ਲ ਤੇ ਪਟਰੋਲ ਉੱਪਰ ਵਧਾਏ ਵੈਟ ਦੀ ਨਿਖੇਧੀ ਕਰਦਿਆਂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਾਭਾ ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਹੋਰ ਬੋਝ ਪਾਇਆ ਜਾ ਰਿਹਾ ਹੈ ਉਨਾਂ ਕਿਹਾ ਡੀਜ਼ਲ ਤੇ 92 ਪੈਸੇ ਅਤੇ ਪਟਰੋਲ 61 ਪੈਸੇ ਪ੍ਰਤੀ ਲੀਟਰ ਵੈਟ ਲਗਾਉਣ ਨਾਲ ਪਹਿਲਾਂ ਹੀ ਅਸਮਾਨ ਨੂੰ ਸੁਹ ਰਹੀਆਂ ਤੇਲ ਦੀਆਂ ਕੀਮਤਾਂ ਵਿੱਚ ਵੱਡਾ ਵਾਧਾ ਹੋਣ ਨਾਲ ਹਰ ਪਾਸੇ ਮਹਿਗਾਈ ਵਧਣੀ ਸੁਭਾਵਿਕ ਹੈ ਜਿਸ ਨਾਲ ਪੰਜਾਬ ਦੇ ਲੋਕਾਂ ਦੀਆਂ ਜੇਬਾ ਤੇ ਬੋਝ ਪਵੇਗਾ ਲਾਲਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਦੇ ਹਿੱਤ ਲਈ ਇਸ ਫੈਸਲੇ ਤੇ ਮੁੜ ਵਿਚਾਰ ਕਰਨਾ

ਚਾਹਿਦਾ ਹੈ ਇਸ ਮੌਕੇ ਉਨਾ ਨਾਲ ਜਥੇਦਾਰ ਬਲਤੇਜ ਸਿੰਘ ਖੋਖ,ਸਰਕਲ ਪ੍ਰਧਾਨ ਭਾਦਸੋਂ ਬਲਵਿੰਦਰ ਸਿੰਘ ਧਾਰਨੀ,ਬੁਲਾਰਾ ਯੂਥ ਅਕਾਲੀ ਦਲ ਜੱਸਾ ਖੋਖ,ਸੁਰਿੰਦਰ ਸਿੰਘ ਜਿੰਦਲਪੁਰ,ਬਲਜਿੰਦਰ ਸਿੰਘ ਬੱਬੂ ਰਾਮਗੜ,ਕਰਮ ਸਿੰਘ ਮਾਂਗੇਵਾਲ ਆਦਿ ਆਗੂ ਹਾਜਰ ਸਨ।

# ਦਖ਼ਲਅੰਦਾਜ਼ੀ ਖ਼ਿਲਾਫ਼ ਅਕਾਲ ਤਖ਼ਤ ਪੁੱਜੇ ਡਿਬਰੂਗੜ੍ਹ ਗੁਰਦੁਆਰੇ ਦੇ ਮੈਂਬਰ

# ਦੂਜੇ ਧੜੇ 'ਤੇ ਗੈਰਸੰਵਿਧਾਨਕ ਗਤੀਵਿਧੀਆਂ ਕਰਨ ਦੇ ਦੋਸ਼ ਲਾਏ; ਬੇਲੋੜਾ ਦਖਲ ਰੋਕਣ ਦੀ ਅਪੀਲ

**ਅੰਮ੍ਰਿਤਸਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਸਿੱਖ ਸਭਾ ਗੁਰਦੁਆਰਾ ਡਿਬਰੂਗੜ੍ਹ (ਅਸਾਮ) ਦੇ ਮੈਂਬਰਾਂ ਨੇ ਅੱਜ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਦੋਸ਼ ਲਾਇਆ ਹੈ ਕਿ ਦੂਜੇ ਗਰੁੱਪ ਵੱਲੋਂ ਕੀਤੀਆਂ ਜਾ ਰਹੀਆਂ ਗੈਰ-ਸੰਵਿਧਾਨਕ ਕਾਰਵਾਈਆਂ ਕਾਰਨ ਗੁਰਦੁਆਰੇ ਦੇ ਪ੍ਰਬੰਧਕੀ ਮਾਮਲਿਆਂ ਵਿੱਚ ਰੁਕਾਵਟ ਆ ਰਹੀ ਹੈ। ਉਨ੍ਹਾਂ ਨੇ ਅਕਾਲ ਤਖ਼ਤ ਸਕੱਤਰੇਤ ਵਿਖੇ ਮੰਗ ਪੱਤਰ ਸੌਂਪ ਕੇ ਇਸ ਮਾਮਲੇ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਦਖ਼ਲ ਦੀ ਮੰਗ ਕੀਤੀ ਹੈ। ਸਿੱਖ ਪ੍ਰਤੀਨਿਧੀ ਬੋਰਡ ਪੂਰਬੀ ਜ਼ੋਨ ਦੇ ਪ੍ਰਧਾਨ ਬਘੇਲ ਸਿੰਘ ਨੇ ਦਾਅਵਾ ਕੀਤਾ ਹੈ ਕਿ 18 ਅਗਸਤ ਨੂੰ ਸਾਬਕਾ ਪ੍ਰਧਾਨ ਦਲਜੀਤ ਸਿੰਘ ਸੇਠੀ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਧੁਬੜੀ ਸਾਹਿਬ ਗੁਰਦੁਆਰਾ ਵਿਖੇ ਗੈਰ-ਸੰਵਿਧਾਨਕ ਮੀਟਿੰਗ ਕਰ ਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸੇਠੀ ਧਿਰ ਮੌਂਬਰਾਂ 'ਤੇ ਦਬਾਅ ਬਣਾਉਣ ਲਈ ਕਥਿਤ ਤੌਰ 'ਤੇ ਆਪਣੇ ਸਿਆਸੀ ਸਬੰਧਾਂ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਸਿੱਖ ਬੋਰਡ (1981 ਤੋਂ

ਦਰਬਾਰ ਸਾਹਿਬ ਸਮੂਹ ਵਿੱਚ ਜਾਣਕਾਰੀ ਦਿੰਦੇ ਹੋਏ ਗੁਰਦੁਆਰੇ ਦੇ ਮੈਂਬਰ।

ਸਥਾਪਤ ਤੇ ਮੌਜੂਦਾ ਸਮੇਂ 182 ਮੈਂਬਰ) ਨੂੰ ਅਸਥਿਰ ਕਰਨਾ ਚਾਹੁੰਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉੱਤਰ ਪੂਰਬ ਖੇਤਰ ਤੋਂ 90 ਫੀਸਦੀ ਤੋਂ ਵੱਧ ਸੰਗਤ ਉਨ੍ਹਾਂ ਨਾਲ ਹੈ।

ਉਨ੍ਹਾਂ ਦੋਸ਼ ਲਾਇਆ ਕਿ 18 ਅਗਸਤ ਨੂੰ ਸਿਰਫ 10-12 ਮੈਂਬਰਾਂ ਅਤੇ 20-25 ਸਿੱਖਾਂ ਦੇ ਸਹਿਯੋਗ ਨਾਲ ਗੈਰ-ਸੰਵਿਧਾਨਕ ਮੀਟਿੰਗ ਕਰਕੇ ਮੌਜੂਦਾ ਬੋਰਡ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਤੇ ਇਸ ਦੇ ਬਰਾਬਰ ਬੋਰਡ ਦਾ ਗਠਨ ਕੀਤਾ ਗਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਬੋਰਡ ਦੇ ਸਕੱਤਰ ਨੇ 25 ਅਗਸਤ ਨੂੰ ਹੰਗਾਮੀ ਮੀਟਿੰਗ ਸੱਦੀ ਜਿਸ ਵਿੱਚ ਲਗਪਗ 130 ਮੈਂਬਰ ਅਤੇ 325 ਸਿੱਖਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਨੇ ਸਰਬਸੰਮਤੀ ਨਾਲ ਇਸ ਦਾ ਵਿਰੋਧ ਕੀਤਾ।

# ਡਾ ਬਲਜੀਤ ਕੌਰ ਵੱਲੋਂ ਈ.ਟੀ.ਟੀ. 5911 ਬੈਕਲਾਗ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਈ.ਟੀ.ਟੀ 5994 ਬੈਕਲਾਗ ਯੂਨੀਅਨ ( ਪੰਜਾਬ) ਦੇ ਨੁਮਾਇੰਦਿਆਂ ਨਾਲ ਉਹਨਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਯੂਨੀਅਨ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡਾ ਬਲਜੀਤ ਕੌਰ ਦਾ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਬੈਕਲਾਗ ਦੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਪ੍ਰਕਿਰਿਆ ਸ਼ੁਰੂ ਕਰਨ ਲਈ ਧੰਨਵਾਦ ਕੀਤਾ। ਕੈਬਨਿਟ ਮੰਤਰੀ ਨੇ ਯੂਨੀਅਨ ਨੂੰ ਭਰੋਸਾ ਦਿੰਦਿਆਂ ਦੱਸਿਆ ਕਿ ਈ.ਟੀ.ਟੀ. ਅਧਿਆਪਕਾਂ ਦੀਆਂ 5994 ਖਾਲੀ ਪਈਆਂ ਅਸਾਮੀਆਂ ਤੇ ਜਲਦ ਹੀ ਭਰਤੀ ਕੀਤੀ ਜਾਵੇਗੀ ਜਿਸ ਵਿੱਚ 2994 ਅਸਾਮੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਬੈਕਲਾਗ ਨਾਲ ਸਬੰਧਤ ਹਨ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਅਤੇ ਅਨੁਸੂਚਿਤ ਜ

# ਸਿੱਖ ਰਾਜ ਕਿਵੇਂ

ਜਗਤ ਜਲੰਦਾ ਠਾਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ 15 ਅਪ੍ਰੈਲ 1469 ਈ: (ਵਿਸਾਖ ਸੁਦੀ 3, 1526 ਬਿਕ੍ਰਮੀ) ਨੂੰ ਅਵਤਾਰ ਧਾਰਿਆ। ਆਪ ਨੇ ਦੇਸ਼ ਦੇ ਡਿੱਗੇ ਹੋਏ ਜੀਵਨ ਨੂੰ ਹਰ ਪਹਿਲੂ ਤੋਂ ਉੱਚਾ ਚੁੱਕਿਆ, ਨਿਰੰਕਾਰ ਦੇ ਸਿਮਰਨ ਦੀ ਨਵੀਂ ਲਟਕ ਲਾਈ, ਧਰਮ ਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ ਤੇ ਨਾਲ ਹੀ ਸਮੇਂ ਦੀ ਹਕੂਮਤ ਉਤੇ ਵੀ ਬੜੇ ਖੁੱਲ੍ਹੇ ਤੇ ਖਰੇ ਸ਼ਬਦਾਂ ਵਿਚ ਨੁਕਤਾਚੀਨੀ ਕੀਤੀ। ਰਾਜ-ਕਰਮਚਾਰੀਆਂ ਦੇ ਚਲਨ ਬਾਰੇ ਆਪ ਨੇ ਰਾਏ ਪ੍ਰਗਟ ਕੀਤੀ : 'ਕਾਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।'

ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ

ਜਿਥੇ ਹਜ਼ੂਰ ਰੂਹਾਨੀਅਤ ਦੇ ਮਾਲਿਕ ਸਨ, ਉਥੇ ਧਰਮ, ਰਾਜਨੀਤੀ ਦੇ ਵੀ ਸੱਚੇ ਪ੍ਰਚਾਰਕ ਸਨ। ਗਰੀਬਾਂ ਦਾ ਦਰਦ ਰੱਖਣ ਵਾਲੇ ਮਹਾਰਾਜ ਦੁਖੀ ਪਰਜਾ ਨੂੰ ਕਸਾਈ ਰਾਜਿਆਂ ਦੇ ਵੱਸ ਪਿਆ ਦੇਖ ਕੇ ਕਿਵੇਂ ਸਹਾਰ ਸਕਦੇ ਸਨ ? ਸੋ ਆਪ ਨੇ ਇਕ ਅਜਿਹੇ ਪੰਥ ਦੀ ਨੀਂਹ ਧਰੀ, ਜੋ ਦੇਸ਼ ਵਿਚ ਧਰਮ ਦਾ ਰਾਜ ਕਾਇਮ ਕਰ ਸਕੇ।

ਇਸ ਪੰਥ ਦਾ ਪ੍ਰਚਾਰ ਸਾਰੇ ਦੇਸ਼ ਵਿਚ ਖਿੱਲਰ ਗਿਆ ਤਾਂ ਤੀਜੇ ਗੁਰੂ ਅਮਰਦਾਸ ਜੀ ਨੇ ਸਾਰੇ ਮੁਲਕ ਨੂੰ ਬਾਈ ਹਿੱਸਿਆਂ ਵਿਚ ਵੰਡਿਆ ਤੇ ਹਰ ਹਿੱਸੇ ਵਿਚ ਪ੍ਰਚਾਰ ਵਾਸਤੇ ਇਕ-ਇਕ ਆਗੂ ਥਾਪਿਆ। ਇਸ ਸਿਲਸਿਲੇ ਨੂੰ 'ਬਾਈ ਮੰਜੀਆਂ' ਵੀ ਕਹਿੰਦੇ ਹਨ। ਨੀਤੀ ਨਿਪੁੰਨ ਬਾਦਸ਼ਾਹ ਅਕਬਰ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਲਾਹੌਰ ਤੋਂ ਦਿੱਲੀ ਨੂੰ ਜਾਂਦਾ ਹੋਇਆ ਗੁਰੂ ਜੀ ਦੇ ਦਰਸ਼ਨ ਨੂੰ ਗਿਆ ਤੇ ਕਿਹਾ, 'ਹਜ਼ੂਰ, ਕੋਈ ਸੇਵਾ ਬਖਸ਼ੋ।' ਤਾਂ ਮਹਾਰਾਜ ਨੇ ਕਿਹਾ, 'ਇਸ ਸਾਲ ਪੰਜਾਬ ਦਾ ਮਾਮਲਾ ਮਾਫ਼ ਕਰ ਦਿਹ, ਕਿਉਂਕਿ ਜਿਨਸਾਂ ਦੇ ਭਾਉ ਗਿਰਨ ਕਰਕੇ ਜ਼ਿਮੀਂਦਾਰਾਂ ਨੂੰ ਬੜੀ ਤੰਗੀ ਹੋ ਜਾਵੇਗੀ।' ਅਕਬਰ ਨੇ ਮਾਮਲਾ ਮਾਫ਼ ਕਰ ਦਿੱਤਾ ਤੇ ਆਪਣੀ ਰਾਏ ਪ੍ਰਗਟ ਕੀਤੀ ਕਿ 'ਗੁਰੂ ਗਰੀਬਾਂ ਦਾ ਦੋਸਤ ਹੈ।' ਇਸ ਘਟਨਾ ਦਾ ਇਹ ਅਸਰ ਹੋਇਆ ਕਿ ਪੰਜਾਬ ਦੇ ਜੱਟਾਂ ਵਿਚ ਸਿੱਖੀ ਬਹੁਤ ਵਧ ਗਈ। ਗੁਰੂ ਅਰਜਨ ਦੇਵ ਜੀ ਨੇ ਸਿੱਖੀ (ਪੰਥ) ਨੂੰ ਸਹੀ ਅਰਥਾਂ ਵਿਚ ਜਥੇਬੰਦ ਕੀਤਾ। ਆਪਣੇ ਪਿਤਾ ਜੀ ਦਾ ਆਰੰਭ ਕੀਤਾ ਹੋਇਆ ਅੰਮ੍ਰਿਤਸਰ ਹਰਿਮੰਦਰ ਸਾਹਿਬ ਪੂਰਨ ਕੀਤਾ, ਬਾਈ ਸੂਬਿਆਂ ਦੇ ਪ੍ਰਚਾਰ ਤੇ ਉਗਰਾਹੀ ਨੂੰ ਠੀਕ ਕੀਤਾ ਤੇ ਸਭ ਤੋਂ ਵੱਡਾ ਕੰਮ 'ਗੁਰੂ ਗ੍ਰੰਥ' ਸਾਹਿਬ ਦੀ ਬੀੜ ਪੂਰੀ ਕਰਨ ਦਾ ਕੀਤਾ। ਹੁਣ ਸਿੱਖ ਇਕ ਪੂਰੀ ਤਰ੍ਹਾਂ ਜਥੇਬੰਦ ਧਰਮ (ਮਜ਼੍ਹਬ-ਫਿਰਕਾ) ਸੀ।

ਸਿੱਖਾਂ ਕੋਲ ਚਾਰ ਚੀਜ਼ਾਂ ਆਪਣੀਆਂ ਸਨ : 1. ਆਪਣਾ ਧਰਮ ਗ੍ਰੰਥ, 2. ਆਪਣਾ ਧਰਮ ਮੰਦਿਰ, 3. ਆਪਣਾ ਧਰਮ ਆਗੂ ਤੇ 4. ਆਪਣੀ ਸਾਂਝੀ ਗੋਲਕ (ਫੰਡ ਜਾਂ ਖਜ਼ਾਨਾ)। ਇਸ ਵੇਲੇ ਸਿੱਖੀ ਫਕੀਰਾਂ ਦੀ ਟੋਲੀ ਨਹੀਂ ਰਹੀ ਸੀ, ਸਗੋਂ ਵਿਹਾਰਕ ਬੰਦਿਆਂ ਦਾ ਇਕ ਅਟੁੱਟ ਲੜੀ ਵਿਚ ਪਰੋਇਆ ਹੋਇਆ ਪੰਥ ਸੀ। ਉਨ੍ਹਾਂ ਵਿਚ ਵਾਹੀਵਾਨ ਜ਼ਿਮੀਂਦਾਰ, ਦੁਕਾਨਦਾਰ, ਵਪਾਰੀ, ਸ਼ਸਤਰਧਾਰੀ, ਸਿਪਾਹੀ, ਧਰਮ ਪ੍ਰਚਾਰਕ, ਮੁੱਕਦੀ ਗੱਲ, ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ, ਹਰ ਤਰ੍ਹਾਂ ਦੇ ਆਦਮੀ ਸਨ। ਉਹ ਇਕ ਨਿਰੰਕਾਰ ਨੂੰ ਪੂਜਦੇ ਤੇ ਧਰਤੀ 'ਤੇ ਇਕ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨਦੇ ਸਨ। ਇਸ ਵੇਲੇ ਗੁਰਗੱਦੀ ਦੀ ਸ਼ਾਨ ਫਕੀਰਾਂ ਵਾਲੀ ਨਹੀਂ, ਮਹਾਰਾਜਿਆਂ ਵਾਲੀ ਸੀ। ਗੁਰੂ ਅਰਜਨ ਦੇਵ ਜੀ ਆਪ ਬੜੇ ਸਾਦਾ ਰਹਿੰਦੇ ਸਨ ਪਰ ਗੁਰਗੱਦੀ ਦੀ ਸ਼ਾਨ ਵਾਸਤੇ ਸ਼ਾਹੀ ਮੰਦਿਰ, ਰੇਸ਼ਮੀ ਤੰਬੂ, ਹਾਥੀ, ਘੋੜੇ ਸਭ ਕੁਝ ਸੀ। ਇਥੋਂ ਤੱਕ ਸਿੱਖੀ ਨੇ ਤਰੱਕੀ ਕੀਤੀ ਕਿ ਇਹ ਪੰਥ ਤੁਅੱਸਬੀ ਜਹਾਂਗੀਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਅੰਤ ਉਸ ਧੱਕੇਖੋਰ ਬਾਦਸ਼ਾਹ ਦੇ ਹੁਕਮ ਨਾਲ ਗੁਰੂ ਅਰਜਨ ਦੇਵ ਜੀ 30 ਮਈ 1606 ਈ: ਜੇਠ ਸੁਦੀ ਚਾਰ, ਦੋ ਹਾੜ੍ਹ 1663 ਬਿ: ਨੂੰ ਸ਼ਹੀਦ ਕਰ ਦਿੱਤੇ ਗਏ।

ਫਿਰ ਬਲੀ ਯੋਧੇ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਉਹ ਪੀਰਾਂ ਦੇ ਪੀਰ ਤੇ ਰਾਜਿਆਂ ਦੇ ਮਹਾਰਾਜ ਸਨ। ਉਨ੍ਹਾਂ ਦੇ ਸਿਰ 'ਤੇ ਸੁਨਹਿਰੀ ਕਲਗੀ, ਗਾਤਰੇ, ਦੋ ਤਲਵਾਰਾਂ ਤੇ ਹੱਥ ਉਤੇ ਸੁੰਦਰ ਬਾਜ਼ ਹੁੰਦਾ ਸੀ। ਆਪ ਅਕਾਲ ਤਖ਼ਤ ਉਤੇ ਸ਼ਾਹੀ ਪੁਸ਼ਾਕ ਪਹਿਨ ਕੇ ਬਾਦਸ਼ਾਹੀ ਤਖ਼ਤ ਸਜਾ ਕੇ ਦਰਬਾਰ ਲਗਾਉਂਦੇ ਸਨ। ਮੁਗਲ-ਸ਼ਾਹੀ ਦੇ ਅੰਦਰ-ਅੰਦਰ ਹੀ ਸਿੱਖਾਂ ਦਾ ਪੰਚਾਇਤੀ ਰਾਜ ਕਾਇਮ ਹੋ ਚੁੱਕਾ ਸੀ। ਅੰਮ੍ਰਿਤਸਰ ਉਨ੍ਹਾਂ ਦੀ ਰਾਜਧਾਨੀ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੇ 'ਸੱਚੇ ਪਾਤਸ਼ਾਹ'। ਅਕਾਲ ਤਖ਼ਤ ਤੋਂ 'ਸੱਚੇ ਪਾਤਸ਼ਾਹ' ਦੀ ਮੋਹਰ ਥੱਲੇ ਹੁਕਮਨਾਮੇ ਜਾਰੀ ਹੋਇਆ ਕਰਦੇ ਸਨ। ਸਿੱਖ ਘੋੜਿਆਂ 'ਤੇ ਚੜ੍ਹਦੇ, ਤਲਵਾਰਾਂ ਲਿਸ਼ਕਾਉਂਦੇ, ਤੀਰਾਂ ਦੇ ਨਿਸ਼ਾਨੇ ਸਿੱਖਦੇ ਤੇ ਜੰਗਲਾਂ ਵਿਚ ਸ਼ਾਹੀ ਹਾਕਮਾਂ ਵਾਂਗ ਸ਼ਿਕਾਰ ਖੇਡਦੇ ਸਨ। ਛੇਵੇਂ ਗੁਰੂ ਜੀ ਨੇ ਸਿੱਖਾਂ ਨੂੰ ਪੂਰੇ ਸਿਪਾਹੀ ਬਣਾ ਦਿੱਤਾ ਸੀ। ਰਾਜ ਕਰਮਚਾਰੀਆਂ ਨੇ ਸਿੱਖਾਂ ਦੀ ਫੌਜੀ ਤਾਕਤ ਨੂੰ ਦਬਾਉਣਾ ਚਾਹਿਆ ਤੇ ਗੱਲੇ-ਕੱਥੇ ਲੜਾਈ ਵਾਸਤੇ ਬਹਾਨੇ ਟੋਲ੍ਹਣ ਲੱਗੇ।

ਸੱਚੀ ਸਰਕਾਰ ਦੀ ਕਮਾਨ ਥੱਲੇ ਸਿੱਖ ਵੀ ਇਸ ਕੰਮ ਲਈ ਤਿਆਰ ਹੋ ਚੁੱਕੇ ਸਨ, ਸੋ 1628 ਤੋਂ 1634 ਈ: ਤੱਕ ਸ਼ਾਹੀ ਸੈਨਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਲੜਾਈਆਂ ਹੋਈਆਂ ਤੇ ਚੌਹਾਂ ਵਿਚ ਹੀ ਗੁਰੂ ਸਾਹਿਬ ਨੂੰ ਪੂਰੀ ਫਤਹਿ ਪ੍ਰਾਪਤ ਹੋਈ। ਸ਼ਾਹੀ ਸੈਨਾ ਬਹੁਤੀ, ਸਣੇ ਜਰਨੈਲਾਂ, ਮਾਰੀ ਜਾਂਦੀ ਰਹੀ ਤੇ ਰਹਿੰਦੀ ਨੱਸ ਜਾਂਦੀ ਰਹੀ।

ਔਰੰਗਜ਼ੇਬ ਦਾ ਸਮਾਂ ਆਇਆ ਤਾਂ ਮੁਗਲਾਂ ਦੀ ਧੱਕੇਸ਼ਾਹੀ ਹੱਦੋਂ ਵਧ ਗਈ। ਮੁਲਾਣਿਆਂ ਨੂੰ ਖੁਸ਼ ਕਰਨ ਬਦਲੇ ਉਸ ਨੇ ਹਿੰਦੂਆਂ ਤੇ ਸਿੱਖਾਂ ਉਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ, ਮੰਦਿਰ ਢਾਹੁਣੇ ਆਰੰਭ ਦਿੱਤੇ, ਪਾਠ-ਪੂਜਾ ਬੰਦ ਤੇ ਸ਼ਬਦ ਕੀਰਤਨ ਦੀ ਮਨਾਹੀ ਕਰ ਦਿੱਤੀ। ਇਸ ਜ਼ੁਲਮ ਦੇ ਹੜ੍ਹ ਨੂੰ ਰੋਕਣ ਵਾਸਤੇ ਗੁਰੂ ਤੇਗ ਬਹਾਦਰ ਜੀ ਨੇ ਆਪਣਾ-ਆਪ ਪੇਸ਼ ਕੀਤਾ ਜੋ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ 1675 ਈ: (12 ਮੱਘਰ, ਮੱਘਰ ਸੁਦੀ 5, 1732 ਬਿ:) ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ। ਗੁਰੂ ਸਾਹਿਬ ਦੀ ਸ਼ਹੀਦੀ ਨੇ ਦੇਸ਼ ਭਰ ਦੇ ਸਿੱਖਾਂ ਦੇ ਦਿਲਾਂ ਵਿਚ ਜੋਸ਼ ਤੇ ਗੁੱਸੇ ਦੀ ਅੱਗ ਬਾਲ ਦਿੱਤੀ। ਉਹ ਮਰਨ-ਮਾਰਨ ਦੀ ਧਾਰ ਕੇ ਛੇਵੇਂ ਪਾਤਸ਼ਾਹ ਦੇ ਸਮੇਂ ਦੀਆਂ ਜਿੱਤਾਂ ਨੂੰ ਯਾਦ ਕਰਦੇ ਹੋਏ ਦਸਵੇਂ ਗੁਰੂ ਦੇ ਝੰਡੇ ਹੇਠ 'ਕੱਠੇ ਹੋਣ ਲੱਗੇ। ਦਸਮੇਸ਼ ਜੀ ਨੇ ਵੀ ਸੋਚ ਲਿਆ ਕਿ ਹੁਣ ਤਲਵਾਰ ਉਠਾਏ ਬਿਨਾਂ ਨਿਭਾਉ ਔਖਾ ਹੈ। ਸੋ ਮਹਾਰਾਜ ਨੇ ਧੱਕੇਸ਼ਾਹੀ ਨਾਲ ਟੱਕਰ ਲੈਣ ਵਾਸਤੇ ਬੜੇ ਖੁੱਲ੍ਹੇ ਪੈਮਾਨੇ ਉਤੇ ਫੌਜੀ ਤਿਆਰੀਆਂ ਆਰੰਭ ਦਿੱਤੀਆਂ। ਪਹਾੜੀਏ ਹਿੰਦੂ ਰਾਜੇ ਬਦੋਬਦੀ ਸਿੱਖਾਂ ਦੇ ਰਾਹ ਵਿਚ ਆ ਅੜੇ, ਸੋ ਮਜਬੂਰਨ ਸਿੱਖਾਂ ਨੂੰ ਉਨ੍ਹਾਂ ਨਾਲ ਲੜਨਾ ਪਿਆ। ਕਦੇ ਲੜਾਈ, ਕਦੇ ਸੁਲ੍ਹਾ ਤੇ ਕਦੇ ਦੋਵਾਂ ਧਿਰਾਂ ਨੇ ਰਲ ਕੇ ਸ਼ਾਹੀ ਸੈਨਾ ਨਾਲ ਵੀ ਟੱਕਰ ਲਈ।

ਸਿੱਖ ਇਕ ਤਕੜੀ ਫੌਜੀ ਤਾਕਤ ਬਣ ਗਏ ਸਨ। ਹੁਣ ਮਹਾਰਾਜ ਨੇ ਉਨ੍ਹਾਂ ਦੀ ਪ੍ਰੀਖਿਆ ਕਰਨੀ ਚਾਹੀ। ਦੁਨੀਆ ਦੇ ਇਤਿਹਾਸ ਵਿਚ ਇਹ ਅਨੋਖੀ ਪ੍ਰੀਖਿਆ ਸੀ। ਭਰੇ ਦੀਵਾਨ ਅੰਦਰ, ਹੱਥ ਵਿਚ ਚਮਕਦੀ ਤਲਵਾਰ ਲੈ ਕੇ ਹਜ਼ੂਰ ਨੇ ਸਿਰ ਮੰਗੇ। ਸਿੱਖੀ ਇਮਤਿਹਾਨ ਵਿਚ ਪਾਸ ਹੋਈ, ਪੰਜਾਂ ਸਿੱਖਾਂ ਨੇ ਸੀਸ ਭੇਟਾ ਕੀਤੇ। ਇਸ ਤਰ੍ਹਾਂ ਗੁਰੂ ਨਾਨਕ ਦੇ ਚਲਾਏ ਹੋਏ ਪੰਥ ਨੂੰ ਦਸਵੇਂ ਗੁਰੂ ਨੇ ਪੂਰਨਤਾ ਬਖਸ਼ੀ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਉਨ੍ਹਾਂ ਤੋਂ ਆਪ ਛਕਿਆ। ਉਨ੍ਹਾਂ ਨੂੰ 'ਸਿੰਘ' ਬਣਾਇਆ ਤੇ ਆਪ 'ਸਿੰਘ' ਬਣੇ। ਇਸੇ ਦਿਨ (ਵਿਸਾਖ 1, 1756 ਬਿ:=30 ਮਾਰਚ, 1699 ਈ:) ਹਜ਼ਾਰਾਂ ਸਿੱਖ ਅੰਮ੍ਰਿਤ ਛਕ ਕੇ ਸਿੰਘ ਬਣ ਗਏ। ਸ੍ਰੀ ਕੇਸਗੜ੍ਹ ਵਿਚ ਤਖ਼ਤ ਉਤੇ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, 'ਮੇਰੇ ਰੂਪ, ਬਹਾਦਰ ਸਿੰਘੋ। ਹੁਣ ਅਸੀਂ 'ਵਾਹਿਗੁਰੂ ਜੀ ਕਾ ਖਾਲਸਾ' ਬਣੇ ਹਾਂ, ਤਾਂ 'ਵਾਹਿਗੁਰੂ ਜੀ ਕੀ ਫ਼ਤਹਿ' ਵੀ ਹੋਵੇਗੀ। ਇਹ ਅਕਾਲੀ ਪੰਥ ਸਾਜਣ ਵਾਸਤੇ ਹੀ ਅਕਾਲ ਪੁਰਖ ਨੇ ਮੈਨੂੰ ਭੇਜਿਆ ਸੀ। ਖਾਲਸਾ ਜੀ! ਤੁਸੀਂ ਅੱਜ ਤੋਂ ਅਕਾਲ ਪੁਰਖ ਦੇ ਪੁੱਤਰ, ਵਾਹਿਗੁਰੂ ਦਾ ਰੂਪ, ਚੁਰਾਸੀ ਤੋਂ ਉੱਚੇ, ਜੰਮਣ-ਮਰਨ ਤੋਂ ਰਹਿਤ ਤੇ ਸਾਰੀ ਧਰਤੀ ਦੇ ਬਾਦਸ਼ਾਹ ਹੋ। ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ, ਸੋ ਸ਼ਸਤਰ ਤੁਹਾਡੀ ਖੇਡ ਹੈ, ਲੜਨਾ ਤੁਹਾਡਾ ਕਰਮ ਹੈ ਤੇ ਧਰਮ ਦਾ ਰਾਜ ਕਰਨਾ ਤੁਹਾਡਾ ਹੱਕ ਹੈ। ਇਨਸਾਨ ਇਨਸਾਨ ਬਰਾਬਰ ਹੈ, ਜਾਤ-ਪਾਤ ਭਰਮ ਹੈ, ਊਚ-ਨੀਚ ਭੁਲੇਖਾ ਹੈ, ਦੁਨੀਆ ਚੁਰਾਸੀ ਦਾ ਗੇੜ ਹੈ ਤੇ ਖਾਲਸਾ ਸਭ ਤੋਂ ਉੱਚਾ ਹੈ। ਤੁਸੀਂ ਸਭ 'ਭਾਈ' ਹੋ।

ਗੁਰਮਤਾ ਤੁਹਾਡੇ ਵਾਸਤੇ ਅਕਾਲੀ ਹੁਕਮ ਹੈ। ਤੁਸੀਂ ਵਾਹਿਗੁਰੂ ਦੇ ਚੁਣੇ ਹੋਏ ਸੰਤ-ਸਿਪਾਹੀ ਹੋ ਤੇ ਆਉਣ ਵਾਲੇ ਸਮੇਂ ਲਈ ਤੁਸੀਂ ਦੇਸ਼ ਦੇ ਬਾਦਸ਼ਾਹ ਹੋ। ਮੈਂ ਡਾਢਿਆਂ ਦੇ ਹੰਕਾਰ ਤੋੜਾਂਗਾ ਤੇ ਗਰੀਬਾਂ ਨੂੰ ਦੇਸ਼ ਦੀ ਬਾਦਸ਼ਾਹੀ ਦਿਆਂਗਾ। ਦੇਸ਼ ਤੁਹਾਡਾ ਹੈ, ਤੁਸੀਂ ਹੀ ਦੇਸ਼ ਦੇ ਬਾਦਸ਼ਾਹ ਹੋ...।'

# ਗੁਜਰਾਂਵਾਲਾ 'ਚ ਮੌਜੂਦ ਹੈ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ

ਹਵੇਲੀ ਦੀ ਦੇਖ-ਰੇਖ ਕਰਨ ਵਾਲੇ ਮੁਹੰਮਦ ਕਾਸਿਮ ਰਫ਼ੀਕ ਦੇ ਨਾਲ ਲੇਖਕ

ਮਹਾਰਾਜਾ ਦੀ ਗੁਜਰਾਂਵਾਲਾ ਵਾਲੀ ਜੱਦੀ ਹਵੇਲੀ ਦੇ ਕਮਰੇ ਦੇ ਬਾਹਰ ਲੱਗੀ ਸਿੱਲ੍ਹ

ਸਿੱਖ ਰਾਜ ਨਾਲ ਸੰਬੰਧਿਤ ਇਕ ਪ੍ਰਮੁੱਖ ਯਾਦਗਾਰ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਜਿਸ ਨੇ ਅੱਜ ਵੀ ਪਾਕਿਸਤਾਨ ਦੇ ਸ਼ਹਿਰ ਗੁਜਰਾਂਵਾਲਾ ਵਿਚ ਆਪਣੀ ਹੋਂਦ ਬਰਕਰਾਰ ਰੱਖੀ ਹੋਈ ਹੈ। ਗੁਜਰਾਂਵਾਲਾ ਦੀ ਮੱਛੀ ਮੰਡੀ ਦੇ ਨਾਲ ਲਗਦੀ ਪੁਰਾਣੀ ਸਬਜ਼ੀ ਮੰਡੀ ਦੇ ਬਿਲਕੁਲ ਮੱਥੇ 'ਤੇ ਮੌਜੂਦ ਇਸ ਹਵੇਲੀ ਨੂੰ ਹਾਲਾਂਕਿ ਪਾਕਿਸਤਾਨ ਸਰਕਾਰ ਦੇ ਆਰਕੋਲਾਜੀ ਵਿਭਾਗ ਨੇ ਆਪਣੇ ਅਧੀਨ ਕਰਕੇ ਸੁਰੱਖਿਅਤ ਇਮਾਰਤਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਹੋਇਆ ਹੈ ਪਰ ਪੂਰੀ ਤਰ੍ਹਾਂ ਨਾਲ ਸੇਵਾ ਸੰਭਾਲ ਨਾ ਹੋਣ ਕਰਕੇ ਇਹ ਆਪਣੀ ਖੂਬਸੂਰਤੀ ਤੋਂ ਮਹਿਰੂਮ ਹੁੰਦੀ ਜਾ ਰਹੀ ਹੈ।

ਕਿਸੇ ਦੀਵਾਨਖਾਨੇ ਵਾਂਗ ਦਿਖਾਈ ਦਿੰਦੀ ਇਸ ਦੋ ਮੰਜ਼ਿਲਾ ਹਵੇਲੀ ਵਿਚ ਬਹੁਤ ਸਾਰੇ ਕਮਰੇ ਬਣੇ ਹੋਏ ਹਨ। ਉਪਰਲੀ ਮੰਜ਼ਿਲ ਦੇ ਹੀ ਇਕ ਕਮਰੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਣਾ ਮੰਨਿਆ ਜਾਂਦਾ ਹੈ। ਇਸ ਕਮਰੇ ਦੇ ਬਾਹਰ ਮੱਥੇ 'ਤੇ ਇਕ ਪੱਥਰ ਦੀ ਸਿਲ੍ਹ ਲੱਗੀ ਹੋਈ ਹੈ, ਜਿਸ ਉੱਪਰ ਅੰਗਰੇਜ਼ੀ ਤੇ ਉਰਦੂ ਵਿਚ ਉਕਰਿਆ ਹੋਇਆ ਹੈ-'ਮਹਾਰਾਜਾ ਰਣਜੀਤ ਸਿੰਘ-ਜਨਮ 2 ਨਵੰਬਰ 1780'।

ਡਿਸਟ੍ਰਿਕਟ ਗਜ਼ਟੀਅਰ ਗੁਜਰਾਂਵਾਲਾ ਦੀ ਦੂਜੀ ਐਡੀਸ਼ਨ, ਜੋ 10 ਮਾਰਚ 1895 ਨੂੰ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮਾਈਕਲ ਐਫ. ਉਡਵਾਇਰ (ਬਾਅਦ ਵਿਚ ਲੈਫਟੀਨੈਂਟ ਗਵਰਨਰ ਪੰਜਾਬ ਬਣਿਆ) ਨੇ ਪ੍ਰਕਾਸ਼ਿਤ ਕਰਵਾਈ ਦੇ ਸਫਾ 16 'ਤੇ ਲਿਖਿਆ ਹੈ-'ਸੰਨ 1891 'ਚ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮਿ: ਡੀ. ਸੀ. ਜੇ. ਐਬਟਸਨ ਨੇ ਗੁਜਰਾਂਵਾਲਾ ਦੇ ਇਕ ਨਾਮੀ ਸਰਦਾਰ ਪਾਸੋਂ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਜਿਸ ਵਿਚ ਮਹਾਰਾਜਾ ਅਤੇ ਉਨ੍ਹਾਂ ਦੇ ਪਿਤਾ ਸ: ਮਹਾਂ ਸਿੰਘ ਦਾ ਜਨਮ ਹੋਇਆ ਸੀ, ਦੇ ਬਾਹਰ ਮਹਾਰਾਜਾ ਦੇ ਜਨਮ ਸਬੰਧੀ ਇਕ ਪੱਥਰ ਦੀ ਸਿਲ੍ਹ ਲਗਵਾ ਦਿੱਤੀ। ਇਹ ਵਿਸ਼ੇਸ਼ ਤੌਰ 'ਤੇ ਉਸ ਕਮਰੇ ਦੇ ਬਾਹਰ ਲਗਾਈ ਗਈ, ਜਿਥੇ ਰਣਜੀਤ ਸਿੰਘ ਦਾ ਜਨਮ ਹੋਇਆ ਸੀ।

ਖਾਲਸਾ ਰਾਜ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਇਸ ਹਵੇਲੀ ਨੂੰ ਪੁਲਿਸ ਥਾਣੇ ਵਜੋਂ ਇਸਤੇਮਾਲ ਕਰਦੇ ਰਹੇ। ਦੇਸ਼ ਦੀ ਵੰਡ ਤੋਂ ਬਾਅਦ ਇਹ ਹਵੇਲੀ ਭਾਰਤ ਤੋਂ ਗਏ ਕੁਝ ਮੁਸਲਮਾਨ ਸ਼ਰਨਾਰਥੀ ਪਰਿਵਾਰਾਂ ਨੂੰ ਮਿਲ ਗਈ। ਬਾਅਦ ਵਿਚ ਕੁਝ ਵਰ੍ਹੇ ਪਹਿਲਾਂ ਹੀ ਆਰਕੋਲਾਜੀ ਵਿਭਾਗ ਪਾਕਿਸਤਾਨ ਨੇ ਉਨ੍ਹਾਂ ਪਾਸੋਂ ਹਵੇਲੀ ਨੂੰ ਖਾਲੀ ਕਰਵਾ ਲਿਆ। ਵਿਭਾਗ ਦੇ ਅਧਿਕਾਰੀ ਸਾਲ ਵਿਚ ਇਕ-ਦੋ ਵਾਰ ਹੀ ਇਥੇ ਆਉਂਦੇ ਹਨ। ਇਸ ਲਈ ਇਸ ਹਵੇਲੀ ਦੇ ਰੱਖ-ਰਖਾਵ ਵੱਲ ਇਸ ਦੇ ਨਾਲ ਲਗਦੇ ਘਰ ਦੇ ਚੌਧਰੀ ਰਫ਼ੀਕ ਮੁਹੰਮਦ 'ਅੰਮ੍ਰਿਤਸਰੀ' ਦੇ ਸਪੁੱਤਰ ਮੁਹੰਮਦ ਕਾਸਿਮ ਰਫ਼ੀਕ ਤੇ ਇਕ ਹੋਰ ਸੱਜਣ ਸਫ਼ੀਰ ਭੱਟ ਹੀ ਜ਼ਿਆਦਾ ਤਵੱਜੋਂ ਦੇ ਰਹੇ ਹਨ।

ਪਿਛਲੀ ਵਾਰ ਜਦੋਂ ਪਾਕਿਸਤਾਨ ਯਾਤਰਾ 'ਤੇ ਗਿਆ ਤਾਂ ਮੈਨੂੰ ਦੋ ਦਿਨ ਇਸ ਹਵੇਲੀ ਵਿਚ ਰਹਿਣ ਦਾ ਮੌਕਾ ਮਿਲਿਆ। ਚੌਧਰੀ ਰਫ਼ੀਕ ਕਿਉਂਕਿ ਅੰਮ੍ਰਿਤਸਰ ਦੇ ਹੁਸੈਨਪੁਰਾ ਇਲਾਕੇ ਤੋਂ ਹੀ ਗਏ ਸਨ, ਇਸ ਲਈ ਉਨ੍ਹਾਂ ਨੂੰ ਜਦੋਂ ਪਤਾ ਲੱਗਾ ਕਿ ਮੈਂ ਵੀ ਅੰਮ੍ਰਿਤਸਰੀ ਹਾਂ ਤਾਂ ਉਨ੍ਹਾਂ ਚੰਗੀ ਖਾਤਰਦਾਰੀ ਕੀਤੀ। ਉਨ੍ਹਾਂ ਮੈਨੂੰ ਹਵੇਲੀ ਦੇ ਸਾਹਮਣੇ ਦੋ ਵੱਡੇ ਖੂਹ ਵੀ ਵਿਖਾਏ ਜੋ ਕਦੇ

## ਸੰਪਾਦਕੀ

# ਕੁਦਰਤ ਦੇ ਨੇਮਾਂ ਨਾਲ ਖਿਲਵਾੜ

ਹਿਮਾਚਲ ਪ੍ਰਦੇਸ਼ ਆਪਣੇ ਬੇਮਿਸਾਲ ਲੈਂਡਸਕੇਪ ਅਤੇ ਅਮੀਰ ਜੈਵ-ਵਿਭਿੰਨਤਾ ਲਈ ਜਾਣਿਆ ਜਾਂਦਾ ਹੈ ਪਰ ਹੁਣ ਇਹ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਥਾਂ ਦੇਣ ਲਈ ਨੇਮਾਂ ਦੀ ਭੰਨ-ਤੋੜ ਦੇ ਚਿੰਤਾਜਨਕ ਰੁਝਾਨ ਕਰ ਕੇ ਵੱਧ ਬਦਨਾਮ ਹੋ ਗਿਆ ਹੈ। ਇਸ ਕਿਸਮ ਦੀਆਂ ਨੇਮਾਂ ਦੀਆਂ ਖਿਲਾਫ਼ਵਰਜ਼ੀਆਂ ਦੀ ਕੜੀ ਵਿੱਚ ਸੱਜਰਾ ਫ਼ੈਸਲਾ ਸ਼ਿਕਾਰੀ ਦੇਵੀ ਵਣਜੀਵਨ ਰੱਖ ਅੰਦਰ ਸੜਕ ਚੌੜੀ ਕਰਨ ਦਾ ਹੈ ਜੋ ਕਿ ਮੰਡੀ ਵਿੱਚ ਇੱਕ ਰਾਖਵੀਂ ਕੁਦਰਤੀ ਰੱਖ ਗਿਣੀ ਜਾਂਦੀ ਹੈ। ਇਹ ਕਾਰਵਾਈ ਨਾ ਕੇਵਲ ਮੁਕਾਮੀ ਚੌਗਿਰਦੇ ਲਈ ਖ਼ਤਰਾ ਬਣ ਗਈ ਹੈ ਸਗੋਂ ਇਸ ਨਾਲ ਸੂਬੇ ਦੀਆਂ ਵਿਕਾਸ ਤਰਜੀਹਾਂ ਬਾਰੇ ਵੀ ਗੰਭੀਰ ਸੁਆਲ ਖੜ੍ਹੇ ਹੋਏ ਹਨ।

ਪਿਛਲੇ ਕੁਝ ਸਾਲਾਂ ਤੋਂ ਹਿਮਾਚਲ ਵਿੱਚ ਇਹੋ ਜਿਹੇ ਪ੍ਰਾਜੈਕਟਾਂ ਨੂੰ ਲੈ ਕੇ ਗਹਿਰੇ ਸਰੋਕਾਰ ਪ੍ਰਗਟਾਏ ਜਾ ਰਹੇ ਹਨ। ਸੋਲਨ-ਸ਼ਿਮਲਾ ਅਤੇ ਬੱਦੀ-ਨਾਲਾਗੜ੍ਹ ਸੜਕਾਂ ਜਿਹੇ ਰਾਜਮਾਰਗਾਂ ਨੂੰ ਚਹੁੰ ਮਾਰਗੀ ਬਣਾਉਣ ਤੋਂ ਅੰਨ੍ਹੇਵਾਹ ਉਸਾਰੀਆਂ ਦੇ ਖ਼ਤਰਨਾਕ ਸਿੱਟੇ ਸਾਹਮਣੇ ਆ ਰਹੇ ਹਨ। ਪਹਾੜੀ ਢਲਾਣਾਂ ਦੀ ਕਟਾਈ ਕਰ ਕੇ ਢਿੱਗਾਂ ਡਿੱਗਣ ਕਰ ਕੇ ਮੁਕਾਮੀ ਭਾਈਚਾਰਿਆਂ ਲਈ ਦਿੱਕਤਾਂ ਖੜ੍ਹੀਆਂ ਹੋ ਰਹੀਆਂ ਹਨ। ਇਨ੍ਹਾਂ ਰਾਜਮਾਰਗਾਂ ਦੇ ਆਸ-ਪਾਸ ਘਰਾਂ ਵਿੱਚ ਤਰੇੜਾਂ ਆ ਗਈਆਂ ਹਨ ਅਤੇ ਵਾਤਾਵਰਨ ਦੀ ਬਰਬਾਦੀ ਰੁਕਣ ਦਾ ਨਾਂ ਨਹੀਂ ਲੈ ਰਹੀ। ਇਸੇ ਤਰ੍ਹਾਂ, ਬੱਦੀ-ਨਾਲਾਗੜ੍ਹ ਰਾਜਮਾਰਗ ਪ੍ਰਾਜੈਕਟ ਲਈ ਨੇਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ ਜਿਸ ਕਰ ਕੇ ਹਵਾ ਪ੍ਰਦੂਸ਼ਣ ਬਹੁਤ ਵਧ ਗਿਆ ਹੈ।

ਵਣਜੀਵਨ ਰੱਖ ਅੰਦਰ ਸੜਕ ਚੌੜੀ ਕਰਨ ਦਾ ਮਾਮਲਾ ਹਿਮਾਚਲ ਪ੍ਰਦੇਸ਼ ਵਿੱਚ ਵਾਤਾਵਰਨਕ ਤੌਰ 'ਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਦੀ ਇੱਕ ਹੋਰ ਮਿਸਾਲ ਬਣ ਗਿਆ ਹੈ। ਮਾਹਿਰ ਲੰਮੇ ਸਮੇਂ ਤੋਂ ਚਿਤਾਵਨੀਆਂ ਦੇ ਰਹੇ ਹਨ ਕਿ ਇਸ ਕਿਸਮ ਦੇ ਪਹਾੜੀ ਖੇਤਰਾਂ ਵਿੱਚ ਇਹੋ ਜਿਹੀ ਉਸਾਰੀ ਨਹੀਂ ਕੀਤੀ ਜਾਣੀ ਚਾਹੀਦੀ ਜਿੱਥੇ ਗ਼ੈਰਵਿਗਿਆਨਕ ਯੋਜਨਾਬੰਦੀ ਕਰ ਕੇ ਢਿੱਗਾਂ ਡਿੱਗਣ ਅਤੇ ਘਰਾਂ ਦੇ ਨੁਕਸਾਨ ਦਾ ਖ਼ਤਰਾ ਹੋਰ ਵੀ ਵਧ ਜਾਂਦਾ ਹੈ। ਮੌਨਸੂਨ ਦੌਰਾਨ ਮੰਡੀ-ਕੁੱਲੂ ਅਤੇ ਕਾਲਕਾ-ਸ਼ਿਮਲਾ ਰਾਜਮਾਰਗਾਂ ਦੀ ਤਬਾਹੀ ਵਾਤਾਵਰਨ ਦੇ ਦਿਸ਼ਾ ਮਾਰਗਾਂ ਦੀ ਅਣਦੇਖੀ ਦਾ ਹੀ ਸਬੂਤ ਹੈ।

ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੱਲੋਂ ਰਾਜ 'ਚ ਮੌਨਸੂਨ ਨਾਲ ਹੋਈ ਭਾਰੀ ਤਬਾਹੀ ਵਿੱਚ ਅੰਨ੍ਹੇਵਾਹ ਉਸਾਰੀਆਂ ਤੇ ਗ਼ਲਤ ਡਿਜ਼ਾਈਨਾਂ ਦੀ ਭੂਮਿਕਾ ਨੂੰ ਸਵੀਕਾਰਨਾ ਵੀ ਇਸ ਮੁੱਦੇ ਦੀ ਗੰਭੀਰਤਾ ਨੂੰ ਉਭਾਰਦਾ ਹੈ। ਜੇ ਉਸਾਰੀਆਂ ਲਗਾਤਾਰ ਵਾਤਾਵਰਨ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰ ਕੇ ਹੁੰਦੀਆਂ ਰਹੀਆਂ ਤਾਂ ਹਿਮਾਚਲ ਉਨ੍ਹਾਂ ਸਾਧਨਾਂ ਨੂੰ ਹੀ ਤਬਾਹ ਕਰਨ ਦੀ ਕਗਾਰ 'ਤੇ ਆ ਖੜ੍ਹਾ ਹੋਵੇਗਾ ਜਿਨ੍ਹਾਂ 'ਤੇ ਇਸ ਦਾ ਅਰਥਚਾਰਾ ਨਿਰਭਰ ਕਰਦਾ ਹੈ, ਖੇਤੀਬਾੜੀ ਤੋਂ ਲੈ ਕੇ ਸੈਰ-ਸਪਾਟੇ ਤੱਕ ਸਾਰਿਆਂ ਲਈ ਖ਼ਤਰਾ ਪੈਦਾ ਹੋ ਜਾਵੇਗਾ। ਸਮਾਂ ਆ ਗਿਆ ਹੈ ਕਿ ਰਾਜ ਸਰਕਾਰ ਵਾਤਾਵਰਨ ਨੂੰ ਬਚਾਉਣ ਲਈ ਸਖ਼ਤ ਨਿਯਮ ਬਣਾਏ। ਇਸ ਤੋਂ ਪਹਿਲਾਂ ਕਿ ਹਿਮਾਚਲ ਦੀ ਕੁਦਰਤੀ ਵਿਰਾਸਤ ਨੂੰ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਵੇ, ਰਾਜ ਨੂੰ ਉਸਾਰੀ ਸਬੰਧੀ ਜ਼ਿਆਦਾ ਟਿਕਾਊ ਪ੍ਰਕਿਰਿਆਵਾਂ ਅਪਣਾਉਣੀਆਂ ਪੈਣਗੀਆਂ।

# ਪੰਜਾਬ ਸਰਕਾਰ ਦੀ ਮਜਬੂਰੀ

ਵਿੱਤੀ ਸੰਕਟ ਦੇ ਮੱਦੇਨਜ਼ਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅੱਕ ਚੱਬਣਾ ਪੈ ਗਿਆ ਹੈ। ਭਗਵੰਤ ਮਾਨ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਵੇਲੇ ਤੋਂ ਘਰੇਲੂ ਬਿਜਲੀ ਖ਼ਪਤਕਾਰਾਂ ਨੂੰ ਸੱਤ ਕਿਲੋਵਾਟ ਲੋਡ ਤੱਕ ਦੇ ਕੁਨੈਕਸ਼ਨਾਂ ਲਈ 3 ਰੁਪਏ ਪ੍ਰਤੀ ਯੂਨਿਟ ਦੀ ਦਿੱਤੀ ਜਾਂਦੀ ਸਬਸਿਡੀ ਵਾਪਸ ਲੈ ਲਈ ਹੈ। ਪੈਟਰੋਲ ਅਤੇ ਡੀਜ਼ਲ ਉੱਪਰ ਵੈਟ ਵਧਾ ਦਿੱਤਾ ਹੈ ਜਿਸ ਨਾਲ ਰਾਜ ਵਿੱਚ ਇਸ ਦੇ ਗੁਆਂਢੀ ਰਾਜਾਂ ਨਾਲੋਂ ਜ਼ਿਆਦਾ ਭਾਅ 'ਤੇ ਵਿਕ ਰਿਹਾ ਵਾਹਨਾਂ ਦਾ ਈਂਧਣ ਹੋਰ ਮਹਿੰਗਾ ਹੋ ਗਿਆ ਹੈ। ਸਰਕਾਰ ਨੂੰ ਫੰਡਾਂ ਦੀ ਤੋਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਕਦਮਾਂ ਨਾਲ ਇਸ ਨੂੰ ਸਾਲ ਵਿੱਚ 2000-2500 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲਣ ਦੀ ਆਸ ਹੈ; ਪਰ ਇਸ ਕਰ ਕੇ ਇਸ ਨੂੰ ਲੋਕਾਂ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ।

ਪੰਜਾਬ ਵਿੱਚ ਆਪ ਦੀ ਸਰਕਾਰ ਦਾ ਅੱਧਾ ਕਾਰਜਕਾਲ ਮੁੱਕਣ ਜਾ ਰਿਹਾ ਹੈ ਪਰ ਹਾਲੇ ਤੱਕ ਇਹ ਰਾਜ ਦੀ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੋਈ ਠੋਸ ਰੂਪ-ਰੇਖਾ ਨੂੰ ਅਮਲ ਵਿੱਚ ਲਿਆਉਣ ਦੇ ਸਮੱਰਥ ਨਹੀਂ ਹੋ ਸਕੀ ਸੀ। ਸਬਸਿਡੀਆਂ ਕਰ ਕੇ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਖਜ਼ਾਨੇ ਦੀ ਹਾਲਤ ਤਰਸਯੋਗ ਬਣੀ ਪਈ ਹੈ। ਰਾਜ ਦੇ ਵਿੱਤੀ ਸਰੋਤਾਂ ਬਾਰੇ ਕੈਗ ਦੀ ਰਿਪੋਰਟ ਜੋ ਕਿ ਇਸੇ ਹਫ਼ਤੇ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ, ਮੁਤਾਬਿਕ 2018 ਤੋਂ 2023 ਤੱਕ ਰਾਜ ਦੀਆਂ ਕੁੱਲ ਸਬਸਿਡੀਆਂ ਦਾ 68 ਫ਼ੀਸਦੀ ਹਿੱਸਾ ਬਿਜਲੀ ਸਬਸਿਡੀਆਂ ਦੇ ਖਾਤੇ ਵਿੱਚ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਮਾਹਿਰਾਂ ਜਿਨ੍ਹਾਂ ਵਿੱਚ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਵੀ ਸ਼ਾਮਿਲ ਸਨ, ਨੇ ਬਿਜਲੀ ਸਬਸਿਡੀਆਂ ਨੂੰ ਤਰਕਸੰਗਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਤਾਂ ਕਿ ਪੰਜਾਬ ਦੀ ਵਿੱਤੀ ਹਾਲਤ ਨੂੰ ਸੁਧਾਰਿਆ ਜਾ ਸਕੇ। ਹਾਲਾਂਕਿ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਰਾਜ ਦੀ ਸਿਆਸੀ ਲੀਡਰਸ਼ਿਪ ਇਹ ਕਦਮ ਚੁੱਕਣ 'ਚ ਝਿਜਕਦੀ ਰਹੀ।

ਉਮੀਦ ਹੈ ਕਿ ਆਮ ਆਦਮੀ ਪਾਰਟੀ ਇਸ ਰਸਤੇ ਉੱਤੇ ਚੱਲਦੀ ਰਹੇਗੀ ਜੋ ਕਿ ਭਾਵੇਂ ਮੁਸ਼ਕਿਲ ਹੈ ਪਰ ਰਾਜ ਦੀ ਵਿੱਤੀ ਹਾਲਤ ਨੂੰ ਗੇੜਾ ਦੇਣ ਲਈ ਇੱਕ ਜ਼ਰੂਰੀ ਕਦਮ ਹੈ। ਲਗਾਤਾਰ ਆਪਣੇ ਸਾਧਨਾਂ ਤੋਂ ਬਾਹਰ ਪੈਰ ਪਸਾਰਨਾ ਸੰਕਟ ਦਾ ਕਾਰਨ ਬਣਦਾ ਹੈ।

'ਕੈਗ' ਦੀ ਰਿਪੋਰਟ ਵਿੱਚ ਵੀ ਰਾਜ ਦੇ ਖ਼ਰਚਿਆਂ ਤੇ ਆਮਦਨੀ ਵਿਚਕਾਰਲੇ ਫ਼ਰਕ ਨੂੰ ਉਭਾਰਿਆ ਗਿਆ ਹੈ ਤੇ ਲੰਮੇ ਸਮੇਂ ਤੋਂ ਬਰਕਰਾਰ ਇਸ ਅੰਤਰ 'ਤੇ ਫ਼ਿਕਰ ਜ਼ਾਹਿਰ ਕੀਤਾ ਗਿਆ ਹੈ। ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ ਸ਼ਲਾਘਾਯੋਗ ਢੰਗ ਨਾਲ ਵਿੱਤੀ ਅਨੁਸ਼ਾਸਨ 'ਤੇ ਜ਼ੋਰ ਦੇ ਕੇ ਬਾਕੀਆਂ ਨੂੰ ਰਾਹ ਦਿਖਾਇਆ ਹੈ। ਹਾਲਾਂਕਿ ਅਜਿਹੇ ਲੁਭਾਉਣੇ ਕਦਮਾਂ ਨੂੰ ਵਾਪਸ ਲੈਣਾ ਜਾਂ ਇਨ੍ਹਾਂ ਦੀ ਗਿਣਤੀ ਨੂੰ ਸੀਮਤ ਕਰ ਕੇ ਰੱਖਣਾ ਦੋਵਾਂ ਰਾਜਾਂ ਲਈ ਅਗਨੀ ਪ੍ਰੀਖਿਆ ਵਰਗਾ ਹੋਵੇਗਾ।

# ਬ੍ਰਿਧ ਆਸ਼ਰਮਾਂ ਦਾ ਦਿਨੋਂ ਦਿਨ ਵੱਧਣਾ, ਮਨੁੱਖਤਾ ਲਈ ਖਤਰੇ ਦੀ ਘੰਟੀ !

ਦੁਨੀਆਂ ਚ,ਹਰ ਚੀਜ ਦੇ ਦੋ ਪੱਖ ਹੁੰਦੇ ਹਨ।ਇੱਕ ਚੰਗਾ ਅਤੇ ਇੱਕ ਬੁਰਾ ਪੱਖ ਵੀ ਹੁੰਦਾ ਹੈ।ਇਹੋ ਕਾਰਨ ਹੈ,ਕਿ ਅਗਰ ਕੋਈ ਜਾਲਮ ਹੈ ਅਤੇ ਉਹ ਗਰੀਬ ਅਤੇ ਮਜਲੂਮਾਂ ਤੇ ਜੁਲਮ ਕਰਦਾ ਹੈ,ਤਾਂ ਉਹਦੇ ਵਿਰੋਧ ਚ ਕੁੱਝ ਸੂਰਮੇ ਵੀ ਪੈਦਾ ਹੁੰਦੇ ਹਨ।ਜਿਹੜੇ ਜੁਲਮ ਅਤੇ ਜਾਲਮ ਦੋਨਾਂ ਨਾਲ ਹੀ ਟੱਕਰ ਲੈਂਦੇ ਹਨ।ਅਗਰ ਕੋਈ ਭੁੱਖਾ ਹੈ,ਤਾਂ ਕੋਈ ਦਾਨੀ ਵੀ ਪੈਦਾ ਹੁੰਦਾ ਹੈ।ਅਗਰ ਕੋਈ ਮਜਬੂਰ ਅਤੇ ਲੋੜਵੰਦ ਹੈ,ਤਾਂ ਉਹਦੀ ਮੱਦਦ ਲਈ ਕੋਈ ਭਲਾ ਪੁਰਸ਼ ਵੀ ਮੈਦਾਨ ਚ ਆਉਂਦਾ ਹੈ,ਜਿਹੜਾ ਔਖੇ ਸਮੇਂ ਚ,ਉਹਦਾ ਸਾਥ ਦਿੰਦਾ ਹੈ।ਇਉਂ, ਕ੍ਰਿਆ ਅਤੇ ਪ੍ਰਤੀ ਕ੍ਰਿਆ,ਆਦਿ ਕਾਲ ਤੋਂ ਹੀ ਚੱਲਦੀ ਆ ਰਹੀ ਹੈ,ਜੋ ਕਿ ਕੁਦਰਤ ਦਾ ਇੱਕ ਵਿਲੱਖਣ ਜਿਹਾ ਸਿਧਾਂਤ ਹੈ।

ਇਸੇ ਕ੍ਰਿਆ ਪ੍ਰਤੀਕਿਰਿਆ ਚੋਂ,ਕੁੱਝ ਅਜਿਹੀਆਂ ਗੱਲਾਂ ਵੀ ਹਕੀਕਤ ਬਣਕੇ ਸਾਹਮਣੇ ਆਉਂਦੀਆਂ ਹਨ,ਜਿਹੜੀਆਂ ਹਰ ਦਰਦਮੰਦ ਅਤੇ ਦਿਲ ਗੁਰਦਾ ਰੱਖਣ ਵਾਲੇ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ।ਕਿਉਂਕਿ,ਅਜਿਹੀਆਂ ਘਟਨਾਵਾਂ ਬੇਸੱਕ ਵੇਖਣ ਤੇ ਸੁਣਨ ਨੂੰ ਬੜੀਆਂ ਮਾਮੂਲੀ ਜਿਹੀਆਂ ਲੱਗਦੀਆਂ ਹੋਣ।ਪਰ ਉਹ ਆਪਣੇ ਅੰਦਰ ਬੜਾ ਡੂੰਘਾ ਦਰਦ ਅਤੇ ਅਰਥ ਲੁਕੋਈ ਰੱਖਦੀਆਂ ਹਨ।ਜਿਸਤੇ ਗੌਰ ਕਰਨਾ,ਹਰ ਜਾਗਦੀ ਜਮੀਰ ਵਾਲੇ ਇਨਸਾਨ ਦਾ ਕੰਮ ਹੀ ਨਹੀਂ,ਸਗੋਂ ਸਭ ਤੋਂ ਮੁੱਢਲਾ ਫਰਜ ਵੀ ਬਣ ਜਾਂਦਾ ਹੈ,ਤਾਂ ਕਿ ਮਨੁੱਖ ਨੂੰ ਵਧੀਆ ਜਿੰਦਗੀ ਦੇਣ ਲਈ,ਕੋਈ ਯੋਗ ਅਤੇ ਠੋਸ ਉਪਰਾਲਾ ਕੀਤਾ ਜਾ ਸਕੇ।ਕਿਉਂਕਿ,ਸਮਾਜ ਚ ਦਿਨੋਂ ਦਿਨ ਪਨਪ ਰਹੀਆਂ ਬੁਰਾਈਆਂ ਨੂੰ ਠੱਲ ਪਾਉਣਾ,ਸਾਡੇ ਸਾਰਿਆਂ ਦਾ,ਇੱਕ ਨੈਤਿਕ ਫਰਜ ਵੀ ਬਣ ਜਾਂਦਾ ਹੈ।

ਅਜਿਹੀ ਹੀ ਇੱਕ ਸਮਾਜਿਕ ਬੁਰਾਈ,ਜਿਸਨੇ ਸਮਾਜ ਨੂੰ ਬੜੀ ਬੁਰੀ ਤਰ੍ਹਾਂ ਆਪਣੀ ਚਪੇਟ ਚ ਲੈ ਲਿਆ ਹੈ।ਉਹ ਇਹ ਹੈ,ਕਿ ਸੰਸਾਰ ਪੱਧਰ ਤੇ ਦਿਨੋਂ ਦਿਨ ਬ੍ਰਿਧ ਆਸ਼ਰਮਾਂ ਦਾ ਧੜੱਲੇ ਨਾਲ ਖੁੱਲਣਾ ਹੈ।ਜਿੱਥੇ ਸਮਾਜ ਦੇ ਹਰ ਤਬਕੇ ਦੇ ਬਜੁਰਗਾਂ ਨੂੰ,ਉਨ੍ਹਾਂ ਦੇ ਧੀਆਂ ਪੁੱਤਰਾਂ ਵੱਲੋਂ ਬੜੇ ਧੜੱਲੇ ਨਾਲ ਦਾਖਲ ਕਰਵਾਇਆ ਜਾਂਦਾ ਹੈ।ਜਿੱਥੇ ਇਹ ਲੋਕ,ਆਪਣੀ ਜਿੰਦਗੀ ਦਾ ਆਖਰੀ ਪੜ੍ਹਾਅ,ਬੜੇ ਦਰਦ ਭਰੇ ਅਤੇ ਬੇਵੱਸੀ ਨਾਲ ਕੱਟਦੇ ਹਨ।ਬੇਸੱਕ,ਉਪਰੋਂ ਵੇਖਣ ਅਤੇ ਸੁਣਨ ਨੂੰ ਇਹ ਬ੍ਰਿਧ ਆਸ਼ਰਮ,ਪਰਿਵਾਰ ਵੱਲੋਂ ਨਕਾਰੇ ਬਜੁਰਗਾਂ ਨੂੰ ਜੀਵਨ ਦਾਨ ਦਿੰਦੇ ਹਨ,ਜੋ ਕਿ ਕੁੱਝ ਹੱਦ ਤੱਕ ਸੱਚ ਵੀ ਹੈ॥ਪਰ ਫੇਰ ਵੀ,ਆਪਣਿਆਂ ਦੇ ਮੋਹ ਪਿਆਰ ਅਤੇ ਸੇਵਾ ਤੋਂ ਵਗੈਰ,ਦੂਜਿਆਂ ਤੇ ਨਿਰਭਰ ਹੋ ਕੇ ਸਵੈ ਮਾਣ ਤੋਂ ਵਗੈਰ ਜਿਉਣਾ, ਜਿਉਂਦੇ ਮਰਨ ਦੇ ਸਮਾਨ ਹੁੰਦਾ ਹੈ।ਜਿਸਦੀ ਪੀੜ੍ਹ,ਉਹ ਵਿਅਕਤੀ ਹੀ ਜਾਣ ਸਕਦਾ ਹੈ,ਜਿਹੜਾ ਇਸ ਦਰਦ ਨੂੰ ਹੰਢਾ ਰਿਹਾ ਹੋਵੇ। ਜਿਸਨੇ ਆਪਣੀ ਔਲਾਦ ਲਈ ਦਿਨ ਰਾਤ ਇੱਕ ਕਰਕੇ ਖੂਨ ਪਸੀਨਾ ਵਹਾਇਆ ਹੋਵੇ ਅਤੇ ਆਪਣੇ ਸਵੈ ਮਾਣ ਨੂੰ ਕਾਇਮ ਵੀ ਰੱਖਿਆ ਹੋਵੇ।

ਬੇਸੱਕ,ਉੱਪਰੋਂ ਵੇਖਣ ਤੇ ਸੁਣਨ ਨੂੰ,ਇਹ ਬ੍ਰਿਧ ਆਸ਼ਰਮ,ਬਜੁਰਗਾਂ ਨੂੰ ਜੀਵਨ ਦਾਨ ਦਿੰਦੇ ਹਨ ਅਤੇ ਪਹਿਲੀ ਨਜਰੇ ਇਹ ਬਜੁਰਗ ਉੱਥੇ ਬੜੇ ਖੁਸ਼ ਵੀ ਪ੍ਰਤੀਤ ਹੁੰਦੇ ਹਨ।ਪਰ ਅਸਲ ਵਿੱਚ,ਇਹ ਉਨ੍ਹਾਂ ਬਜੁਰਗਾਂ ਦੀ ਮਜਬੂਰੀ ਅਤੇ ਬਦਨਸੀਬੀ ਹੈ।ਜਿਹੜੇ ਸਾਰੀ ਉਮਰ ਆਪਣਿਆਂ ਲਈ ਖੂਨ ਪਸੀਨਾ ਵਹਾ ਕੇ,ਜਿੰਦਗੀ ਦੇ ਆਖਰੀ ਪੜਾਅ ਤੇ,ਬ੍ਰਿਧ ਆਸ਼ਰਮਾਂ ਚ ਰੁਲ੍ਹਣ ਲਈ ਮਜਬੂਰ ਹੁੰਦੇ ਹਨ।ਅਸਲ ਵਿੱਚ, ਇਹ ਬਜੁਰਗ ਇੱਥੇ ਖੁਸ਼ੀ ਨਾਲ ਨਹੀਂ,ਸਗੋਂ ਮਜਬੂਰੀ ਵੱਸ ਰਹਿ ਰਹੇ ਹੁੰਦੇ ਹਨ।ਕਿਉਂਕਿ, ਆਪਣਿਆਂ ਦੇ ਵਿਛੋੜੇ ਅਤੇ ਕਹਿਰ ਦਾ ਦਰਦ,ਆਪਣੇ ਪਿੰਡੇ ਤੇ ਹੰਢਾਉਣਾ ਕੋਈ ਸੌਖਾ ਕੰਮ ਨਹੀਂ ਹੁੰਦਾ।ਪਰ ਮਜਬੂਰੀ ਬੰਦੇ ਨੂੰ ਕੀ ਕੁੱਝ ਕਰਵਾ ਦਿੰਦੀ ਹੈ।ਇਸ ਦਰਦ ਨੂੰ ਤਾਂ,ਮਜਬੂਰ ਬੰਦਾ ਹੀ,ਭਲੀ ਭਾਂਤੀ ਜਾਣ ਸਕਦਾ ਹੈ।

ਪਰ ਸੋਚਣ ਤੇ ਵਿਚਾਰਨ ਵਾਲੀ ਗੱਲ ਤਾਂ ਇਹ ਹੈ,ਕਿ ਬੇਸੱਕ,ਹਰ ਵਿਅਕਤੀ ਆਪੋ ਆਪਣਾ ਕਾਰਜ ਕਰੀ ਜਾ ਰਿਹਾ ਹੈ।ਬ੍ਰਿਧ ਆਸ਼ਰਮਾਂ ਦੇ ਪ੍ਰਧੰਕ ਅਤੇ ਸੇਵਾਦਾਰ,ਆਪਣਾ ਕਾਰਜ ਆਪਣੇ ਤਰੀਕੇ ਨਾਲ ਕਰੀ ਜਾ ਰਹੇ ਹਨ।ਅਜੋਕੇ ਦੌਰ ਦੀ ਨਿਕੰਮੀ ਔਲਾਦ,ਚੰਦ ਛਿੱਲੜਾਂ ਦੇ ਲਾਲਚ ਪਿੱਛੇ ਆਪਣੇ ਮਾਪਿਆਂ ਨੂੰ,ਆਪਣੇ ਤੋਂ ਦੂਰ ਕਰਕੇ ਬ੍ਰਿਧ ਆਸ਼ਰਮਾਂ ਵੱਲ ਧੱਕੀ ਜਾ ਰਹੀ ਹੈ।ਜਦੋਂਕਿ,ਬੁਢਾਪੇ ਚ ਉਨ੍ਹਾਂ ਨੂੰ ਆਪਣਿਆਂ ਦੇ ਪਿਆਰ,ਸਤਿਕਾਰ ਅਤੇ ਸੇਵਾ ਦੀ ਬੇਹੱਦ ਲੋੜ ਹੁੰਦੀ ਹੈ।ਕਿਉਂਕਿ,ਜਿਹੜੀ ਆਤਮਿਕ ਖੁਸ਼ੀ ਅਤੇ ਸਕੂਨ,ਮਨੁੱਖ ਨੂੰ ਆਪਣਿਆਂ ਚ ਰਹਿ ਕੇ ਮਿਲ ਸਕਦਾ ਹੈ,ਉਹ ਬੇਗਾਨੇ ਥਾਂ ਤੇ ਬੇਗਾਨਿਆਂ ਚ ਰਹਿ ਕੇ ਨਹੀਂ ਮਿਲਦਾ।ਵੈਸੇ ਵੀ,ਬੁਢਾਪੇ ਚ ਤਾਂ,ਬੰਦੇ ਨੂੰ ਰੋਟੀ ਦੀ ਭੁੱਖ ਨਾਲੋਂ,ਆਪਣਿਆਂ ਦੇ ਮੋਹ ਪਿਆਰ ਦੀ ਕਿਤੇ ਜਿਆਦਾ ਜਰੂਰਤ ਹੁੰਦੀ ਹੈ।ਪਰ ਅਫਸੋਸ !ਕਿ ਅਜੋਕੇ ਦੌਰ ਦਾ ਮਨੁੱਖ ਤਾਂ,ਆਪਣੀ ਜਿੰਦਗੀ ਦੇ ਅਸਲੀ ਮਨੋਰਥ ਅਤੇ ਆਪਣੀ ਮੌਤ ਨੂੰ ਵੀ ਭੁਲਾ ਬੈਠਾ ਹੈ। ਮੁੱਕਦੀ ਗੱਲ ਤਾਂ ਇਹ ਹੈ,ਕਿ ਬੇਸੱਕ ਇਹਦੇ ਚ ਕੋਈ ਸ਼ੱਕ ਨਹੀਂ,ਕਿ ਅਜੋਕੇ ਦੌਰ ਚ ਬ੍ਰਿਧ ਆਸ਼ਰਮ,ਸਮਾਜ ਚ ਬੜੀ ਵੱਡੀ ਭੂਮਿਕਾ ਨਿਭਾ ਰਹੇ ਹਨ ਅਤੇ ਹੁਣ ਤਾਂ ਦਿਨੋਂ ਦਿਨ,ਇਹ ਇੱਕ ਸਮਾਜਿਕ ਲੋੜ ਜਿਹੀ ਵੀ ਬਣਦੀ ਜਾ ਰਹੀ ਹੈ।ਪਰ ਅਗਰ ਇਸ ਗੱਲ ਤੇ ਥੋੜ੍ਹਾ ਜਿਹਾ ਗੰਭੀਰਤਾ ਨਾਲ ਵਿਚਾਰ ਕਰ ਲਿਆ ਜਾਵੇ,ਕਿ ਕੀ ਆਪਣੇ ਬਜੁਰਗਾਂ ਨੂੰ ਬ੍ਰਿਧ ਆਸ਼ਰਮਾਂ ਚ ਛੱਡਣਾ,ਉਨ੍ਹਾਂ ਦੀ ਔਲਾਦ ਦੀ ਕੋਈ ਮਜਬੂਰੀ ਜਾਂ ਫਿਰ ਕੋਈ ਸ਼ੌਕ ਹੀ ਬਣ ਚੁੱਕਿਆ ਹੈ।ਪਰ ਫੇਰ ਵੀ ਇੱਕ ਗੱਲ ਸੌ ਫੀ ਸਦੀ ਸੱਚ ਹੈ,ਕਿ ਭਾਵੇਂ ਬ੍ਰਿਧ ਆਸ਼ਰਮਾਂ ਚ ਬਜੁਰਗਾਂ ਨੂੰ ਜਿੰਨੀਆਂ ਮਰਜੀ ਸਹੂਲਤਾਂ ਮਿਲਦੀਆਂ ਹੋਣ।ਉਨ੍ਹਾਂ ਦੀ ਜਿੰਨੀ ਮਰਜੀ ਵਧੀਆ ਤਰੀਕੇ ਨਾਲ ਸੇਵਾ ਹੋ ਰਹੀ ਹੋਵੇ।ਪਰ ਫੇਰ ਵੀ,ਇਹ ਗੱਲ ਸਮਾਜ ਲਈ,ਇੱਕ ਵਰ ਦੀ ਥਾਂ ਤੇ ਇੱਕ ਸ਼ਰਾਪ ਬਣ ਚੁੱਕੀ ਹੈ,ਜਿਹੜੀ ਕਿ ਸਭਿਅਕ ਸਮਾਜ ਦੇ ਮੱਥੇ ਤੇ ਇੱਕ ਕਲੰਕ ਹੈ।ਕਿਉਂਕਿ,ਜਿੰਦਗੀ ਦੇ ਆਖਰੀ ਪੜਾਅ ਤੇ ਬੰਦੇ ਨੂੰ ਸਰੀਰਕ ਭੁੱਖ ਦੀ ਵਜਾਏ,ਮਾਨਸਿਕ ਭੁੱਖ ਦੀ

# ਦਿਵਆਂਗ ਤੇ 85 ਸਾਲ ਦੀ ਉਮਰ ਵਰਗ ਤੋਂ ਵੱਧ ਦੇ ਵੋਟਰ ਘਰ ਤੋਂ ਪਾ ਸਕਦੇ ਹਨ ਵੋਟ - ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਨੇ ਲੋਕਤੰਤਰ ਵਿਚ ਦਿਵਆਂਗ ਤੇ 85 ਸਾਲ ਦੀ ਉਮਰ ਵਰਗ ਤੋਂ ਵੱਧ ਦੇ ਵੋਟਰਾਂ ਦੀ ਭਾਗੀਦਾਰੀ ਯਕੀਨੀ ਕਰਨ ਲਈ ਉਨ੍ਹਾਂ ਨੂੰ ਘਰ ਤੋਂ ਹੀ ਵੋਟਿੰਗ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਹ ਸਹੂਲਤ ਵੈਕਲਪਿਕ ਹੈ। ਅਜਿਹੇ ਵੋਟਰ ਚੋਣ ਕੇਂਦਰ 'ਤੇ ਜਾ ਕੇ ਵੀ ਵੋਟ ਕਰ ਸਕਦੇ ਹਨ। ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਲੋਕਤੰਤਰ ਵਿਚ ਹਰ ਵੋਟਰ ਨੂੰ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਦਿਵਆਂਗ ਤੇ 85 ਸਾਲ ਦੀ ਉਮਰ ਦੇ ਵੋਟਰਾਂ ਨੂੰ ਵੀ ਆਮ ਵੋਟਰਾਂ ਦੀ ਤਰ੍ਹਾਂ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਲਈ ਉਨ੍ਹਾਂ ਨੂੰ ਇਹ ਵਿਸ਼ੇਸ਼ ਸਹੂਲਤ ਪ੍ਰਦਾਨ ਕੀਤੀ ਗਈ ਹੈ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ 5 ਸਾਲ ਵਿਚ ਇਕ ਵਾਰ ਆਉਣ ਵਾਲੇ ਆਮ ਚੋਣ ਨੂੰ ਹਰ ਕਿਸੇ ਨਾਗਰਿਕ ਨੂੰ ਪਰਵ ਵਜੋਂ ਮਨਾਉਣਾ ਚਾਹੀਦਾ ਹੈ। ਹਰਿਆਣਾ ਵਿਚ 5 ਅਕਤੂਬਰ, 2024 ਨੂੰ ਵਿਧਾਨਸਭਾ ਦੇ ਆਮ ਚੋਣ ਲਈ ਵੋਟਿੰਗ ਹੋਣੀ ਹੈ ਅਤੇ ਇਸ ਪਰਵ ਵਿਚ ਹਰ ਵੋਟਰ ਨੂੰ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰ ਆਪਣੇ ਵੋਟ ਦੀ ਆਹੂਤੀ ਪਾਉਣੀ ਹੋਵੇਗੀ।

ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਦਿਵਆਗ ਤੇ 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਘਰ ਤੋਂ ਵੋਟ ਪਾਉਣ ਦੀ ਸਹੂਲਤ ਦਾ ਲਾਭ ਚੁੱਕਣ ਲਈ, ਫਾਰਮ 12-ਡੀ ਭਰ ਕੇ ਚੋਣ ਨੋਟੀਫਿਕੇਸ਼ਨ (05 ਸਤੰਬਰ, 2024) ਦੇ 5 ਦਿਨਾਂ ਦੇ ਅੰਦਰ ਰਿਟਰਨਿੰਗ ਅਧਿਕਾਰੀ ਨੂੰ ਬਿਨੈ ਕਰਨਾ ਹੋਵੇਗਾ। ਇਸ ਤੋਂ ਇਲਾਵਾ, ਦਿਵਆਂਗ ਵੋਟਰਾਂ ਨੂੰ 40 ਫੀਸਦੀ ਤੋਂ ਵੱਧ ਦੇ ਦਿਵਆਂਗਤਾ ਪ੍ਰਮਾਣ ਪੱਤਰ ਦੀ ਇਕ ਕਾਪੀ ਜਮ੍ਹਾ ਕਰਵਾਉਣੀ ਹੋਵੇਗੀ ਅਤੇ ਵੋਟਿੰਗ ਲਿਸਟ ਵਿਚ ਚਿਨਿਤ ਹੋਣਾ ਜਰੂਰੀ ਹੈ।

ਉਨ੍ਹਾਂ ਨੇ ਕਿਹਾ ਕਿ ਅਜਿਹੇ ਵੋਟਰਾਂ ਦੇ ਘਰ ਤੋਂ ਹੀ ਬੀਐਲਓ ਫਾਰਮ 12-ਡੀ ਪ੍ਰਾਪਤ ਕਰੇਗਾ। ਉਮੀਦਵਾਰਾਂ ਨੂੰ ਅਜਿਹੇ ਵੋਟਰਾਂ ਦੀ ਇਕ ਸੂਚੀ ਵੀ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਉਹ ਘਰ ਤੋਂ ਚੋਣ ਦੀ ਪ੍ਰਕ੍ਰਿਆ 'ਤੇ ਨਜਰ ਰੱਖਣ ਲਈ ਆਪਣੇ ਪ੍ਰਤੀਨਿਧੀਆਂ ਨੂੰ ਨਿਯੁਕਤ ਕਰ ਸਕਣ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਚੋਣ ਅਧਿਕਾਰੀਆਂ ਦੀ ਟੀਮ ਵੋਟਰ ਦਾ ਵੋਟ ਲੈਣ ਲਈ ਉਨ੍ਹਾਂ ਦੇ ਘਰ ਜਾਵੇਗੀ। ਇਸ ਦੇ ਲਈ ਵੋਟਰਾਂ ਨੂੰ ਚੋਣ ਅਧਿਕਾਰੀਆਂ ਦੇ ਦੌਰੇ ਦੇ ਬਾਰੇ ਪਹਿਲਾਂ ਤੋਂ ਹੀ ਸੂਚਿਤ ਕੀਤਾ ਜਾਵੇਗਾ। ਇਸ ਪ੍ਰਕ੍ਰਿਆ ਵਿਚ ਇਕ ਵੀਡੀਓਗ੍ਰਾਫਰ ਅਤੇ ਪੁਲਿਸ ਸੁਰੱਖਿਆ ਕਰਮਚਾਰੀ ਚੋਣ ਅਧਿਕਾਰੀਆਂ ਦੇ ਨਾਲ ਵੀ ਰਹੇਗਾ। ਚੋਣ ਦੀ ਇਹ ਪ੍ਰਕ੍ਰਿਆ ਚੋਣ ਕਮਿਸ਼ਨ ਦੀ ਹਿਦਾਇਤਾਂ ਅਨੁਸਾਰ ਹੋਵੇਗੀ ਤੇ ਚੋਣ ਦੀ ਗੁਪਤਤਾ ਬਣਾਈ ਰੱਖੀ ਜਾਵੇਗੀ।

# ਮੁੱਖ ਚੋਣ ਅਧਿਕਾਰੀ ਦਫਤਰ ਵਿਚ ਹਿੰਦੀ ਤੇ ਅੰਗ੍ਰੇਜੀ ਵਿਚ ਜਮ੍ਹਾ ਕਰਵਾਉਣੀ ਹੋਵੇਗੀ ਤਿੰਨ-ਤਿੰਨ ਕਾਪੀਆਂ

**ਚੰਡੀਗੜ੍ਹ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ ਅਨੁਸਾਰ ਰਾਜਨੀਤਕ ਪਾਰਟੀਆਂ ਤੇ ਚੋਣ ਲੜ੍ਹ ਰਹੇ ਉਮੀਦਵਾਰਾਂ ਨੂੰ ਆਪਣੇ ਚੋਣ ਐਲਾਨ ਪੱਤਰ ਦੀ ਹਿੰਦੀ ਤੇ ਅੰਗ੍ਰੇਜੀ ਦੀ ਤਿੰਨ-ਤਿੰਨ ਕਾਪੀਆਂ, ਐਲਾਨਪੱਤਰ ਜਾਰੀ ਕਰਨ ਦੀ ਮਿੱਤੀ ਦੇ 3 ਦਿਨਾਂ ਦੇ ਅੰਦਰ ਮੁੱਖ ਚੋਣ ਅਧਿਕਾਰੀ ਦਫਤਰ ਵਿਚ ਜਮ੍ਹਾ ਕਰਵਾਉਣੀ ਹੋਵੇਗੀ। ਸ੍ਰੀ ਪੰਕਜ ਅਗਰਵਾਲ ਨੇ ਸਾਰੇ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਜਾਬਤਾ ਦੇ ਸਾਰੇ ਪਹਿਲੂਆਂ ਦਾ ਗੰਭੀਰਤਾ ਨਾਲ ਅਧਿਐਨ ਕਰਨ ਅਤੇ ਚੋਣ ਦੌਰਾਨ ਇਸ ਦੀ ਪੂਰੀ ਪਾਲਣਾ ਯਕੀਨੀ ਕਰਨ। ਚੋਣ ਜਾਬਤਾ ਦੇ ਪੈਰਾ-8 ਦੇ ਸਬ-ਕਲੋਸ 3 ਅਨੁਸਾਰ ਚੋਣ ਐਲਾਨ ਪੱਤਰ ਵਿਚ ਪਾਰਦਰਸ਼ਿਤਾ, ਸਮਾਨ ਮੌਕਾ ਅਤੇ ਵਾਦਿਆਂ ਦੀ ਭਰੋਸੇਮੇਯੋਗਤਾ ਦੇ ਹਿੱਤ ਵਿਚ, ਇਹ ਉਮੀਦ ਕੀਤੀ ਜਾਂਦੀ ਹੈ ਕਿ ਐਲਾਲ ਪੱਤਰ ਵਾਦਿਆਂ ਦੇ ਉਚਿਤਤਾ ਨੂੰ ਵੀ ਪ੍ਰਤੀਬਿੰਬਿਤ ਕਰਨ ਅਤੇ ਮੁੱਖ ਰੂਪ ਨਾਲ ਇਸ ਦੇ ਲਈ ਵਿੱਤੀ ਜਰੂਰਤ ਨੂੰ ਪੂਰਾ ਕਰਨ ਦੇ ਢੰਗਾਂ ਅਤੇ ਸਰੋਤਾਂ ਨੂੰ ਰੇਖਾਂਕਿਤ ਕਰਨ ਅਤੇ ਵੋਟਰਾਂ ਦਾ ਭਰੋਸਾ ਸਿਰਫ ਉਨ੍ਹਾਂ ਵਾਦਿਆਂ 'ਤੇ ਮੰਗਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਦਾ ਪੂਰਾ ਹੋਣਾ ਸੰਭਵ ਹੈ।

# ਜ਼ਿਲ੍ਹਾ ਪੱਧਰ ਬਾਲ ਸਾਹਿਤ ਮੁਕਾਬਲੇ 10 ਅਕਤੂਬਰ ਨੂੰ ਸਰਕਾਰੀ ਸੀਨੀਅਰ ਸਕੂਲ (ਲੜਕੇ), 'ਚ ਕਰਵਾਏ ਜਾਣਗੇ-ਰਾਜੇਸ ਕੁਮਾਰ

**ਪਠਾਨਕੋਟ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਪੰਜਾਬ ਸ. ਭਗਵੰਤ ਸਿੰਘ ਮਾਨ ਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਸੁਯੋਗ ਅਗਵਾਈ ਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ, ਸ਼੍ਰੀ ਰਾਜੇਸ਼ ਕੁਮਾਰ (ਖੋਜ ਅਫ਼ਸਰ) ਪਠਾਨਕੋਟ ਦੀ ਨਿਗਰਾਨੀ ਨਾਲ ਜ਼ਿਲ੍ਹਾ ਪੱਧਰ ਬਾਲ ਸਾਹਿਤ ਮੁਕਾਬਲੇ ਪੰਜਾਬੀ ਸਾਹਿਤ ਧਰਮ, ਭਾਸ਼ਾ, ਸੱਭਿਆਚਾਰ, ਇਤਿਹਾਸ ਤੇ ਭੂਗੋਲ ਵਿਸ਼ੇ ਨਾਲ ਸਬੰਧਤ 10 ਅਕਤੂਬਰ, 2024 ਨੂੰ ਸਰਕਾਰੀ ਸੀਨੀਅਰ ਸਕੂਲ (ਲੜਕੇ),ਲਮੀਨੀ ਪਠਾਨਕੋਟ 'ਚ ਕਰਵਾਏ ਜਾਣਗੇ।

ਇਨ੍ਹਾਂ ਮੁਕਾਬਲਿਆਂ ਦੇ ਤਿੰਨ ਵਰਗ ਹੋਣਗੇ, ਜਿਸ 'ਚ ਪਹਿਲਾ ਓ -ਵਰਗ ਅੱਠਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ, ਜਦੋਂ ਕਿ ਦੂਸਰਾ ਅ- ਵਰਗ ਨੌਵੀਂ ਤੋਂ ਬਾਰ੍ਹਵੀਂ ਤੱਕ ਤੇ ਤੀਸਰਾ ਏ- ਵਰਗ ਗ੍ਰੈਜੂਏਸ਼ਨ ਤੱਕ ਦੇ ਵਿਦਿਆਰਥੀਆਂ ਦਾ ਹੋਵੇਗਾ। ਭਾਗ ਲੈਣ ਵਾਲੇ ਵਿਦਿਆਰਥੀ ਦੀ ਜਮਾਤ ਤੇ ਜਨਮ ਮਿਤੀ ਸੰਬੰਧੀ ਸੰਸਥਾ ਮੁਖੀ ਵੱਲੋਂ ਲਿਖਤੀ ਤਸਦੀਕ ਲਾਜ਼ਮੀ ਹੈ। ਹਰ ਵਰਗ 'ਚ ਇੱਕ ਸੰਸਥਾ ਵਿੱਚੋਂ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜੇ ਜਾ ਸਕਦੇ ਹਨ। ਇਹ ਮੁਕਾਬਲਾ ਸੋ ਪ੍ਰਸ਼ਨਾਂ ਦੇ ਰੂਪ 'ਚ ਬਹੁ-ਵਿਕਲਪੀ ਪ੍ਰਸ਼ਨਾਵਲੀ ਦੇ ਲਿਖਤੀ ਰੂਪ ਵਿੱਚ ਹੋਵੇਗਾ।

ਜ਼ਿਲ੍ਹਾ ਪੱਧਰ 'ਤੇ ਹਰ ਵਰਗ 'ਚੋਂ ਪਹਿਲੇ ਸਥਾਨ 'ਤੇ ਅਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ 'ਚ ਹਿੱਸਾ ਲੈਣਗੇ। ਹਰ ਵਰਗ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ 'ਚ ਪਹਿਲੇ ਸਥਾਨ 'ਤੇ ਅਉਣ ਵਾਲੇ ਵਿਦਿਆਰਥੀ ਨੂੰ 1000/-ਰੁਪਏ, ਦੂਸਰੇ ਸਥਾਨ ਵਾਲੇ ਵਿਦਿਆਰਥੀ ਨੂੰ 750/-ਰੁਪਏ, ਤੇ ਤੀਜੇ ਸਥਾਨ ਵਾਲੇ ਵਿਦਿਆਰਥੀ ਨੂੰ 500/-ਰੁਪਏ, ਨਕਦ ਜਾਂ ਵਿਭਾਗੀ ਪੁਸਤਕਾਂ ਦੇ ਰੂਪ ਵਿੱਚ ਦਿੱਤੇ ਜਾਣਗੇ।

ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਖੋਜ ਅਫ਼ਸਰ ਸ੍ਰੀ ਰਾਜੇਸ਼ ਕੁਮਾਰ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਵਿਦਿਆਰਥੀਆਂ ਨੂੰ ਨਕਦ ਇਨਾਮ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਜਾਰੀ ਕੀਤੇ ਸਰਟੀਫਿਕੇਟ/ਪ੍ਰੰਸ਼ਸਾ ਪੱਤਰ ਵੀ ਪ੍ਰਦਾਨ ਕੀਤੇ ਜਾਣਗੇ।

# ਅਮਿਤ ਮੰਟੂ ਨੇ ਜੁਗਿਆਲ ਵਿਖੇ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ-2024 ਦੀ ਕੀਤੀ ਸ਼ੁਰੂਆਤ

**ਪਠਾਨਕੋਟ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਵਿਭਾਗ, ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2024 ਅਧੀਨ ਬਲਾਕ ਪੱਧਰੀ, ਜਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ, ਪੂਰੇ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਵਾਈਆਂ ਗਈਆਂ ਸਨ ਜੋ ਕਿ ਤੀਸਰੇ ਸਾਲ ਵਿੱਚ ਪ੍ਰਵੇਸ ਹੋ ਗਈਆਂ ਹਨ, ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੂਬਾ ਪੱਧਰ ਦੀਆਂ ਖੇਡਾਂ ਵਿੱਚ ਜੇਤੂ ਰਹਿਣ ਤੋਂ ਬਾਅਦ ਨਕਦ ਇਨਾਮ ਰਾਸੀ ਵੀ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਅਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ ਨੇ ਅੱਜ ਸਰਕਾਰੀ ਸੀ. ਸੈ. ਸਕੂਲ ਆਰ. ਐਸ. ਡੀ., ਸ਼ਾਹਪੁਰ ਕੰਡੀ ਅੰਦਰ ਬਲਾਕ ਧਾਰ ਕਲਾਂ ਅਧੀਨ ਖੇਡਾਂ ਵਤਨ ਪੰਜਾਬ ਦੀਆਂ ਦੀ ਸ਼ੁਰੂਆਤ ਕਰਨ ਮਗਰੋਂ ਕੀਤਾ। ਜਿਕਰਯੋਗ ਹੈ ਕਿ ਸਰਕਾਰੀ ਸੀ. ਸੈ. ਸਕੂਲ ਆਰ. ਐਸ. ਡੀ., ਸ਼ਾਹਪੁਰ ਕੰਡੀ ਵਿਖੇ ਜਿਲ੍ਹਾ ਖੇਡ ਅਫਸਰ ਲਵਜੀਤ ਸਿੰਘ ਜੀ ਦੀ ਪ੍ਰਧਾਨਗੀ ਵਿੱਚ ਅਤੇ ਸਹਿਯੋਗੀ ਜਿਲ੍ਹਾ ਸਪੋਰਟਸ ਕੋਆਰਡੀਨੇਟਰ (ਸਿੱਖਿਆ ਵਿਭਾਗ) ਅਰੁਣ ਸਰਮਾ ਜੀ ਦੇ ਸਹਿਯੋਗ ਨਾਲ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਜਾ ਰਹੀਆਂ ਹਨ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਅਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ ਨੇ ਕਿਹਾ ਕਿ ਸਰਕਾਰੀ ਸੀ. ਸੈ. ਸਕੂਲ ਆਰ. ਐਸ. ਡੀ., ਸ਼ਾਹਪੁਰ ਕੰਡੀ ਵਿੱਚ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ 29 ਅਗਸਤ ਨੂੰ ਖੇਡਾਂ ਵਤਨ ਪੰਜਾਬ ਦੀਆਂ ਦਾ ਸੁਭਅਰੰਭ ਕੀਤਾ ਗਿਆ ਸੀ। ਸਭ ਤੋਂ ਪਹਿਲਾ ਬਲਾਕ ਪੱਧਰੀ ਅਤੇ ਜਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਜਾਣਗੀਆਂ। ਇਨ੍ਹਾਂ ਖੇਡਾਂ ਵਿੱਚੋਂ ਜੇਤੂ ਖਿਡਾਰੀਆਂ ਨੂੰ ਫਿਰ ਸੂਬਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦਾ ਮੋਕਾ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਲਈ ਬਹੁਤ ਮਾਣ ਦੀ ਗੱਲ ਹੈ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਜੋ ਨੌਜਵਾਨਾਂ ਦਾ ਭਵਿੱਖ ਵਧੀਆ ਹੋ ਸਕੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਚੰਗੀ ਸਿਹਤ ਦੇਣ ਦੇ ਉਦੇਸ ਨਾਲ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਕੀਤੀ ਗਈ ਸੀ ਅਤੇ ਬੱਚਿਆਂ ਵਿੱਚ ਵੀ ਕਾਫੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ।

ਸ੍ਰੀ ਲਵਜੀਤ ਸਿੰਘ ਜਿਲ੍ਹਾ ਖੇਡ ਅਫਸਰ ਪਠਾਨਕੋਟ ਨੇ ਕਿਹਾ ਕਿ ਅੱਜ ਸਰਕਾਰੀ ਸੀ. ਸੈ. ਸਕੂਲ ਆਰ. ਐਸ. ਡੀ., ਸ਼ਾਹਪੁਰ ਕੰਡੀ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਦੀ ਸੁਰੂਆਤ ਹੋਈ ਹੈ ਜੋ 6 ਅਤੇ 7 ਸਤੰਬਰ ਨੂੰ ਬਲਾਕ ਧਾਰਕਲਾਂ ਵਿਖੇ ਕਬੱਡੀ, ਫੁੱਟਬਾਲ, ਖੋ-ਖੋ, ਵਾਲੀਬਾਲ ਅਤੇ ਐਥਲੀਟ ਆਦਿ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਵੱਧ ਤੋਂ ਵੱਧ ਬੱਚਿਆਂ ਨੂੰ ਅਪੀਲ ਕਰਦਾ ਹਾਂ ਕਿ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਭਾਗ ਲੈਣ ਤਾਂ ਜੋ ਬਲਾਕ ਪੱਧਰੀ ਖੇਡਾਂ ਤੋਂ ਬਾਅਦ ਜਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਖੇਡਾਂ ਵਿੱਚ ਭਾਗ ਲੈ ਕੇ ਜਿੱਤ ਕੇ ਜਿਲ੍ਹਾ ਪਠਾਨਕੋਟ ਦਾ ਨਾਮ ਰੋਸਨ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਪੱਧਰੀ ਖੇਡਾਂ ਵਿੱਚ ਨਕਦ ਰਾਸੀ ਦੇ ਇਨਾਮ ਵੀ ਰੱਖੇ ਗਏ ਹਨ , ਸਾਰੇ ਖਿਡਾਰੀਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈ ਕੇ ਭਵਿੱਖ ਨੂੰ ਉੱਜਬਲ ਕਰਨ।ਇਸ ਮੌਕੇ ਪ੍ਰਿੰਸੀਪਲ ਕੁਸੂਮ ਦੇਵੀ, ਕੇਵਲ ਕ੍ਰਿਸ਼ਨ ਬਲਾਕ ਪ੍ਰਧਾਨ, ਕਰਤਾਰ ਸਿੰਘ ਸਰਪੰਚ ਪਿੰਡ ਅਵਾਂ, ਪ੍ਰਕਾਸ਼ ਚੰਦ, ਰਾਕੇਸ਼ ਪਠਾਨਿਆ, ਰਾਜੀਵ ਅਵਸਥੀ ਪ੍ਰਧਾਨ ਆਮ ਇਮਪਲੋਈ ਯੂਨੀਅਨ, ਰਜਨੀਸ਼ ਸ਼ਰਮਾ, ਰੁਕਵਿੰਦਰ ਸਿੰਘ, ਰਾਕੇਸ਼ ਸ਼ਰਮਾ, ਮੋਹਿੰਦਰ ਸਿੰਘ, ਗੁਰਮੀਤ, ਮਦਨ, ਅਵਤਾਰ, ਅਮਰਜੀਤ ਸਿੰਘ, ਅਸਵਨੀ ਕੁਮਾਰ, ਕੁਲਵਿੰਦਰ ਸਿੰਘ, ਸੁਭਾਸ਼ ਭੱਟ, ਰਜਨੀ ਪਠਾਨਿਆ, ਸੀਮਾ ਪਠਾਨਿਆ, ਪੂਜਾ ਪਠਾਨਿਆ, ਅਮ੍ਰਿਤਪਾਲ ਕੌਰ, ਰਣਜੀਤ ਸਿੰਘ, ਸੁਰਿੰਦਰ ਕੌਰ, ਗੋਤਮ ਸਰਮਾ, ਭਾਰਤ ਭੁਸਣ ਅਤੇ ਹੋਰ ਅਧਿਕਾਰੀ ਕਰਮਚਾਰੀ ਵੀ ਹਾਜਰ ਸਨ।

# ਸਰੀਰਕ ਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਆਪਸੀ ਸਦਭਾਵਨਾ ਅਤੇ ਏਕਤਾ ਵੀ ਵਧਾਉਂਦੀਆਂ ਹਨ ਖੇਡਾਂ: ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ 'ਖੇਡਾਂ ਵਤਨ ਪੰਜਾਬ ਦੀਆ-2024' ਦੇ ਬਲਾਕ ਪੱਧਰੀ ਮੁਕਾਬਲਿਆਂ ਦੇ ਦੂਜੇ ਪੜਾਅ ਤਹਿਤ ਬਲਾਕ ਹੁਸ਼ਿਆਰਪੁਰ-1 ਦੇ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ। ਬਲਾਕ ਪੱਧਰੀ ਇਨ੍ਹਾਂ ਖੇਡਾਂ ਵਿਚ ਖਿਡਾਰੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ।

ਇਸ ਮੌਕੇ ਕੈਬਨਿਟ ਮੰਤਰੀ ਨੇ ਖੇਡਾਂ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਜ਼ਰੂਰੀ ਹਨ, ਸਗੋਂ ਇਹ ਸਮਾਜ ਵਿਚ ਆਪਸੀ ਸਦਭਾਵਨਾ ਅਤੇ ਏਕਤਾ ਨੂੰ ਵੀ ਪ੍ਰਫੁੱਲਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਮੁ

# ਕੋਲਕਾਤਾ ਕਾਂਡ: ਸੁਪਰੀਮ ਕੋਰਟ ਨੇ ਪੋਸਟਮਾਰਟਮ ਲਈ ਜ਼ਰੂਰੀ ਦਸਤਾਵੇਜ਼ ਨਾ ਹੋਣ 'ਤੇ ਚਿੰਤਾ ਜ਼ਾਹਿਰ ਕੀਤੀ

## ਸੀਬੀਆਈ ਨੂੰ ਜਾਂਚ ਕਰਨ ਲਈ ਕਿਹਾ; ਪੱਛਮੀ ਬੰਗਾਲ ਵਿੱਚ ਪ੍ਰਦਰਸ਼ਨਕਾਰੀ ਡਾਕਟਰਾਂ ਨੂੰ ਮੰਗਲਵਾਰ ਸ਼ਾਮ 5 ਵਜੇ ਤੱਕ ਕੰਮ 'ਤੇ ਪਰਤਣ ਦਾ ਨਿਰਦੇਸ਼ ਦਿੱਤਾ

**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜਤ ਤੇ ਹਸਪਤਾਲ ਵਿੱਚ ਇਕ ਟਰੇਨੀ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਉਸ ਦੀ ਹੱਤਿਆ ਦੀ ਘਟਨਾ ਦੇ ਮਾਮਲੇ ਵਿੱਚ ਪੋਸਟਮਾਰਟਮ ਲਈ ਜ਼ਰੂਰੀ ਇਕ ਅਹਿਮ ਦਸਤਾਵੇਜ਼ ਨਾ ਹੋਣ 'ਤੇ ਅੱਜ ਚਿੰਤਾ ਜ਼ਾਹਿਰ ਕੀਤੀ ਅਤੇ ਸੀਬੀਆਈ ਨੂੰ ਇਸ ਸਬੰਧੀ ਜਾਂਚ ਕਰਨ ਨੂੰ ਕਿਹਾ। ਸਿਖ਼ਰਲੀ ਅਦਾਲਤ ਨੇ ਪੱਛਮੀ ਬੰਗਾਲ ਵਿੱਚ ਪ੍ਰਦਰਸ਼ਨ ਕਰ ਰਹੇ ਰੈਜ਼ੀਡੈਂਟ ਡਾਕਟਰਾਂ ਨੂੰ ਮੰਗਲਵਾਰ ਨੂੰ ਸ਼ਾਮ 5 ਵਜੇ ਤੱਕ ਕੰਮ 'ਤੇ ਪਰਤਣ ਦਾ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕੰਮ ਬਹਾਲ ਕਰਨ 'ਤੇ ਉਨ੍ਹਾਂ ਖ਼ਿਲਾਫ਼ ਕੋਈ ਵਿਰੋਧੀ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਪੱਛਮੀ ਬੰਗਾਲ ਸਰਕਾਰ ਨੇ ਸਿਖ਼ਰਲੀ ਅਦਾਲਤ ਨੂੰ ਭਰੋਸਾ ਦਿੱਤਾ ਕਿ ਕੰਮ 'ਤੇ ਪਰਤਣ 'ਤੇ ਪ੍ਰਦਰਸ਼ਨਕਾਰੀ ਡਾਕਟਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ, ਜਿਸ ਵਿੱਚ ਦੰਡਾਤਮਕ ਤਬਦੀਲੀ ਵੀ ਸ਼ਾਮਲ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਇਸ ਮਾਮਲੇ ਵਿੱਚ ਐੱਫਆਈਆਰ ਦਰਜ ਹੋਣ 'ਚ ਕੋਲਕਾਤਾ ਪੁਲੀਸ ਵੱਲੋਂ ਕੀਤੀ ਗਈ ਘੱਟੋ-ਘੱਟ 14 ਘੰਟੇ ਦੀ ਦੇਰ 'ਤੇ ਵੀ ਸਵਾਲ ਉਠਾਏ।

ਇਸ ਤੋਂ ਪਹਿਲਾਂ ਅੱਜ ਸੀਬੀਆਈ ਨੂੰ ਜਾਂਚ 'ਤੇ 17 ਸਤੰਬਰ ਤੱਕ ਨਵੀਂ ਰਿਪੋਰਟ ਜਮ੍ਹਾਂ ਕਰਨ ਦਾ ਨਿਰਦੇਸ਼ ਦਿੱਤਾ। ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਸੀਬੀਆਈ ਵੱਲੋਂ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਰਾਹੀਂ ਸੀਲਬੰਦ ਲਿਫਾਫੇ ਵਿੱਚ ਜਮ੍ਹਾਂ ਕੀਤੀ ਗਈ ਰਿਪੋਰਟ ਦਾ

ਅਧਿਐਨ ਕੀਤਾ। ਬੈਂਚ ਨੇ ਕਿਹਾ, "ਸੀਬੀਆਈ ਨੇ ਸਥਿਤੀ ਰਿਪੋਰਟ ਜਮ੍ਹਾਂ ਕੀਤੀ ਹੈ ਜਿਸ ਤੋਂ ਲੱਗਦਾ ਹੈ ਕਿ ਜਾਂਚ ਪ੍ਰਗਤੀ 'ਤੇ ਹੈ। ਅਸੀਂ ਸੀਬੀਆਈ ਨੂੰ ਨਵੀਂ ਸਥਿਤੀ ਰਿਪੋਰਟ ਜਮ੍ਹਾਂ ਕਰਨ ਦਾ ਨਿਰਦੇਸ਼ ਦਿੰਦੇ ਹਾਂ। ਅਸੀਂ ਸੀਬੀਆਈ ਨੂੰ ਉਸ ਦੀ ਜਾਂਚ 'ਤੇ 'ਗਾਈਡ' ਨਹੀਂ ਕਰਨਾ ਚਾਹੁੰਦੇ।" ਮਹਿਤਾ ਨੇ ਬੈਂਚ ਨੂੰ ਕਿਹਾ ਕਿ ਸੀਬੀਆਈ ਨੇ ਫੋਰੈਂਸਿਕ ਨਮੂਨੇ ਅੱਗੇ ਜਾਂਚ ਲਈ ਏਮਜ਼ ਭੇਜਣ ਦਾ ਫੈਸਲਾ ਕੀਤਾ ਹੈ। ਸਿਖ਼ਰਲੀ ਅਦਾਲਤ ਨੇ ਪੱਛਮੀ ਬੰਗਾਲ ਸਰਕਾਰ ਦੇ ਗ੍ਰਹਿ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਅਤੇ ਸੀਆਈਐੱਸਐੱਫ ਦੇ ਇਕ ਸੀਨੀਅਰ ਅਧਿਕਾਰੀ ਨੂੰ ਨਿਰਦੇਸ਼ ਦਿੱਤਾ ਹੈ ਕਿ ਆਰਜੀ ਕਰ ਹਸਪਤਾਲ ਦੀ ਸੁਰੱਖਿਆ ਵਿੱਚ ਲਾਈਆਂ ਗਈਆਂ ਤਿੰਨੋਂ ਕੰਪਨੀਆਂ ਨੂੰ ਰਹਿਣ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ। ਸੁਪਰੀਮ ਕੋਰਟ ਨੇ ਸੀਆਈਐੱਸਐੱਫ ਜਵਾਨਾਂ ਨੂੰ ਜ਼ਰੂਰੀ ਸਾਰੇ ਸੁਰੱਖਿਆ ਸਰੋਤ ਵੀ ਅੱਜ ਹੀ ਮੁਹੱਈਆ ਕਰਵਾਉਣ ਦਾ ਨਿਰਦੇਸ਼ ਦਿੱਤਾ।ਇਸ ਤੋਂ ਪਹਿਲਾਂ ਪੱਛਮੀ ਬੰਗਾਲ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇਕ ਟਰੇਨੀ ਮਹਿਲਾ ਡਾਕਟਰ ਨਾਲ ਜਬਰ-ਜਨਾਹ ਅਤੇ ਉਸ ਦੀ ਹੱਤਿਆ ਦੀ ਘਟਨਾ ਖ਼ਿਲਾਫ਼ ਡਾਕਟਰਾਂ ਦੀ ਹੜਤਾਲ ਕਾਰਨ 23 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੱਛਮੀ ਬੰਗਾਲ ਸਰਕਾਰ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਸੂਬੇ ਦੇ ਸਿਹਤ ਵਿਭਾਗ ਵੱਲੋਂ ਤਿਆਰ ਸਥਿਤੀ ਰਿਪੋਰਟ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੇ ਬੈਂਚ ਕੋਲ ਜਮ੍ਹਾਂ ਕੀਤੀ। ਉਨ੍ਹਾਂ ਬੈਂਚ ਨੂੰ ਕਿਹਾ, "ਇਕ ਸਥਿਤੀ ਰਿਪੋਰਟ ਜਮ੍ਹਾਂ ਕੀਤੀ ਗਈ ਹੈ। ਸੂਬੇ ਦੇ ਸਿਹਤ ਵਿਭਾਗ ਨੇ ਰਿਪੋਰਟ ਜਮ੍ਹਾਂ ਕੀਤੀ ਹੈ।

ਡਾਕਟਰ ਹੜਤਾਲ 'ਤੇ ਹਨ, ਇਸ ਵਾਸਤੇ 23 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।" ਸਿਖ਼ਰਲੀ ਅਦਾਲਤ ਇਸ ਮਾਮਲੇ ਵਿੱਚ ਸੂਬਾ ਸਰਕਾਰ ਅਤੇ ਸੀਬੀਆਈ ਵੱਲੋਂ ਦਾਖ਼ਲ ਸਥਿਤੀ ਰਿਪੋਰਟ ਦਾ ਅਧਿਐਨ ਕਰ ਰਹੀ ਹੈ। ਬੈਂਚ ਵਿੱਚ ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ।

# ਭਾਰਤ ਆਏ ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ, ਦਿੱਲੀ 'ਚ ਮੋਦੀ ਨਾਲ ਕੀਤੀ ਮੁਲਾਕਾਤ

**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਅਬੂ ਧਾਬੀ ਦੇ ਵਲੀ ਅਹਦ (ਕ੍ਰਾਊਨ ਪ੍ਰਿੰਸ) ਸ਼ੇਖ ਖਾਲਿਦ ਬਿਨ ਮੁਹੰਮਦ ਬਿਨ ਜਾਏਦ ਅਲ ਨਾਹਯਾਨ ਨਾਲ ਵਿਆਪਕ ਗੱਲਬਾਤ ਕੀਤੀ ਅਤੇ ਦੋਹਾਂ ਦੇਸ਼ਾਂ ਵਿਚਾਲੇ ਸਮੁੱਚੇ ਰਣਨੀਤਕ ਸਬੰਧਾਂ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ। ਨਾਹਯਾਨ ਆਪਣੇ ਦੋ ਦਿਨਾਂ ਭਾਰਤ ਦੌਰੇ ਦੇ ਤਹਿਤ ਐਤਵਾਰ ਨੂੰ ਨਵੀਂ ਦਿੱਲੀ ਪਹੁੰਚੇ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ,''ਇਕ ਨਜ਼ਦੀਕੀ ਦੋਸਤ ਦਾ ਨਿੱਘਾ ਸੁਆਗਤ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੈਦਰਾਬਾਦ ਹਾਊਸ ਵਿਖੇ ਅਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ ਖਾਲਿਦ ਬਿਨ ਮੁਹੰਮਦ ਬਿਨ ਜਾਏਦ ਅਲ ਨਾਹਯਾਨ ਦਾ ਸੁਆਗਤ ਕੀਤਾ। ਉਨ੍ਹਾਂ ਕਿਹਾ,''ਭਾਰਤ-ਸੰਯੁਕਤ ਅਰਬ ਅਮੀਰਾਤ ਦੋ-ਪੱਖੀ ਸੰਬੰਧਾਂ ਅਤੇ ਸਹਿਯੋਗ ਦੇ ਭਵਿੱਖ ਸਾਰੇ ਖੇਤਰਾਂ 'ਤੇ ਚਰਚਾ ਹੋਣੀ ਹੈ। ਅਗਸਤ 2015 'ਚ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਇਤਿਹਾਸਕ ਯਾਤਰਾ ਤੋਂ ਬਾਅਦ

ਦੋਹਾਂ ਦੇਸ਼ਾਂ ਦਰਮਿਆਨ ਦੋ-ਪੱਖੀ ਸੰਬੰਧਾਂ ਨੂੰ ਇਕ ਵਿਆਪਕ ਰਣਨੀਤਕ ਸਾਂਝੇਦਾਰੀ ਤੱਕ ਵਧਾਇਆ ਗਿਆ ਸੀ।

ਦੋਹਾਂ ਦੇਸ਼ਾਂ ਨੇ ਦੋ-ਪੱਖੀ ਵਪਾਰ ਲਈ ਭਾਰਤੀ ਰੁਪਏ ਅਤੇ ਦਿਰਹਮ (ਸੰਯੁਕਤ ਅਮੀਰਾਤ ਦੀ ਮੁਦਰਾ) ਦੇ ਉਪਯੋਗ ਨੂੰ ਉਤਸ਼ਾਹ ਦੇਣ ਲਈ ਫਰਵਰੀ 2022 'ਚ ਇਕ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ (ਸੀ.ਈ.ਪੀ.ਏ.) ਅਤੇ ਜੁਲਾਈ 2023 'ਚ ਇਕ ਸਥਾਨਕ ਮੁਦਰਾ ਨਿਪਟਾਨ (ਐੱਲ.ਸੀ.ਐੱਸ.) ਪ੍ਰਣਾਲੀ 'ਤੇ ਦਸਤਖ਼ਤ ਕੀਤੇ। ਅਧਿਕਾਰਤ ਅੰਕੜਿਆਂ ਅਨੁਸਾਰ, 2022-23 'ਚ ਲਗਭਗ 85 ਅਰਬ ਅਮਰੀਕੀ ਡਾਲਰ ਦੇ ਦੋ-ਪੱਖੀ ਵਪਾਰ ਨਾਲ ਦੋਵੇਂ ਦੇਸ਼ ਇਕ-ਦੂਜੇ ਦੇ ਪ੍ਰਮੁੱਖ ਵਪਾਰਕ ਭਾਈਵਾਲਾਂ 'ਚੋਂ ਹਨ। 2022-23 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਮਾਮਲੇ 'ਚ ਵੀ ਯੂ.ਏ.ਈ., ਭਾਰਤ 'ਚ ਚੋਟੀ ਦੇ ਚਾਰ ਨਿਵੇਸ਼ਕਾਂ 'ਚ ਸ਼ਾਮਲ ਹਨ। ਯੂ.ਏ.ਈ. 'ਚ ਕਰੀਬ 35 ਲੱਖ ਭਾਰਤੀ ਰਹਿੰਦੇ ਹਨ।

# ਰੇਲਵੇ ਨੇ ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਦਾ ਅਸਤੀਫਾ ਤੁਰੰਤ ਪ੍ਰਭਾਵ ਤੋਂ ਸਵੀਕਾਰ ਕੀਤਾ

**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੇਲਵੇ ਨੇ ਅੱਜ ਪਹਿਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਦੇ ਅਸਤੀਫੇ ਸਵੀਕਾਰ ਕਰ ਲਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅੱਜ ਜਾਰੀ ਵੱਖ-ਵੱਖ ਨੋਟਿਸਾਂ ਵਿੱਚ ਉੱਤਰ ਰੇਲਵੇ ਨੇ ਕਿਹਾ ਕਿ 6 ਸਤੰਬਰ ਨੂੰ ਦਿੱਤੇ ਗਏ ਉਨ੍ਹਾਂ ਦੇ ਅਸਤੀਫਿਆਂ ਨੂੰ ਸਮਰੱਥ ਅਧਿਕਾਰੀ ਵੱਲੋਂ ਤੁਰੰਤ ਪ੍ਰਭਾਵ ਤੋਂ ਸਵੀਕਾਰ ਕਰ ਲਿਆ ਗਿਆ ਹੈ। ਪੂਨੀਆ ਤੇ ਫੋਗਾਟ ਦੋਵੇਂ ਹਾਲ ਹੀ ਵਿੱਚ ਕਾਂਗਰਸ 'ਚ ਸ਼ਾਮਲ ਹੋਏ ਹਨ। ਫੋਗਾਟ ਨੂੰ ਜੁਲਾਨਾ ਚੋਣ ਖੇਤਰ ਤੋਂ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਲਈ ਪਾਰਟੀ ਵੱਲੋਂ ਟਿਕਟ ਦਿੱਤੀ ਗਈ ਹੈ। ਉੱਤਰ ਰੇਵਲੇ ਨੇ ਦੋਹਾਂ ਦੇ ਮਾਮਲਿਆਂ ਵਿੱਚ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਪ੍ਰਬੰਧ ਵਿੱਚ ਢਿੱਲ ਦਿੱਤੀ।

# ਇਜ਼ਰਾਈਲ ਨੂੰ ਹਥਿਆਰਾਂ ਤੇ ਫੌਜੀ ਉਪਕਰਨਾਂ ਦੀ ਬਰਾਮਦ 'ਤੇ ਰੋਕ ਲਾਉਣ ਨਾਲ ਸਬੰਧਤ ਪਟੀਸ਼ਨ ਖਾਰਜ

**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅੱਜ ਗਾਜ਼ਾ ਵਿੱਚ ਜੰਗ ਲੜ ਰਹੇ ਇਜ਼ਰਾਈਲ ਨੂੰ ਹਥਿਆਰਾਂ ਅਤੇ ਫੌਜੀ ਉਪਕਰਨਾਂ ਦੀ ਬਰਾਮਦ 'ਤੇ ਰੋਕ ਲਾਉਣ ਲਈ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇਣ ਦੀ ਅਪੀਲ ਕਰਦੀ ਜਨਹਿੱਤ ਪਟੀਸ਼ਨ ਨੂੰ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਉਹ ਕੌਮੀ ਵਿਦੇਸ਼ ਨੀਤੀ ਦੇ ਖੇਤਰ ਵਿੱਚ ਦਖ਼ਲ ਨਹੀਂ ਦੇ ਸਕਦਾ। ਚੀਫ਼ ਜਸਟਿਸ

ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਸ਼ਮੂਲੀਅਤ ਵਾਲਾ ਬੈਂਚ ਮਾਮਲੇ ਦੀ ਸੁਣਵਾਈ ਕਰਦਾ ਹੋਇਆ

ਡੀਵਾਈ ਚੰਦਰਚੂੜ ਅਤੇ ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਇਜ਼ਰਾਈਲ ਨੂੰ ਹਥਿਆਰਾਂ, ਫੌਜੀ ਉਪਕਰਨਾਂ ਦੀ ਬਰਾਮਦ ਵਿੱਚ ਸ਼ਾਮਲ ਭਾਰਤੀ ਕੰਪਨੀਆਂ 'ਤੇ ਸਮਝੌਤੇ ਸਬੰਧੀ ਜ਼ਿੰਮੇਵਾਰੀ ਦੀ ਉਲੰਘਣਾ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ ਇਸ ਵਾਸਤੇ ਉਨ੍ਹਾਂ ਨੂੰ ਸਪਲਾਈ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ ਹੈ। ਬੈਂਚ ਨੇ ਕਿਹਾ, "ਅਸੀਂ ਦੇਸ਼ ਦੀ ਵਿਦੇਸ਼ ਨੀਤੀ ਦੇ ਖੇਤਰ ਵਿੱਚ ਦਖ਼ਲ ਨਹੀਂ ਦੇ ਸਕਦੇ।"

# ਦਿੱਲੀ ਸਰਕਾਰ ਵੱਲੋਂ ਪਹਿਲੀ ਜਨਵਰੀ ਤੱਕ ਪਟਾਕਿਆਂ ਦੇ ਉਤਪਾਦਨ ਅਤੇ ਵਿਕਰੀ 'ਤੇ ਪਾਬੰਦੀ ਦੇ ਹੁਕਮ

**ਨਵੀਂ ਦਿੱਲੀ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਰਕਾਰ ਨੇ ਆਗਾਮੀ ਸਰਦੀ ਦੇ ਮੌਸਮ ਵਿੱਚ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕੌਮੀ ਰਾਜਧਾਨੀ ਵਿੱਚ ਪਟਾਕਿਆਂ ਦੇ ਉਤਪਾਦਨ, ਵਿਕਰੀ ਅਤੇ ਇਸਤੇਮਾਲ 'ਤੇ ਅੱਜ ਰੋਕ ਲਗਾ ਦਿੱਤੀ। ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਇਕ ਬਿਆਨ ਵਿੱਚ ਕਿਹਾ ਕਿ ਹਵਾ ਪ੍ਰਦੂਸ਼ਣ ਵਿੱਚ ਮੌਸਮੀ ਵਾਧੇ ਨੂੰ ਘੱਟ ਕਰਨ ਲਈ ਪਾਬੰਦੀ ਜ਼ਰੂਰੀ ਹੈ। ਪ੍ਰਦੂਸ਼ਣ ਪਟਾਕਿਆਂ ਕਰ ਕੇ ਹੋਰ ਵੀ ਬਦਤਰ ਹੋ ਜਾਂਦਾ ਹੈ। ਰਾਏ ਨੇ ਕਿਹਾ, "ਸਰਦੀਆਂ ਦੇ ਮੌਸਮ 'ਚ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਵਧਣ ਦਾ ਖ਼ਤਰਾ ਹੈ। ਇਸ ਸਮੇਂ ਪਟਾਕੇ ਜਲਾਉਣ ਨਾਲ ਪ੍ਰਦੂਸ਼ਣ ਹੋਰ ਵਧ ਜਾਂਦਾ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਪਿਛਲੇ ਸਾਲ

ਵਾਂਗ ਅਸੀਂ ਸਾਰੇ ਤਰ੍ਹਾਂ ਦੇ ਪਟਾਕਿਆਂ ਦੇ ਉਤਪਾਦਨ, ਭੰਡਾਰਨ, ਵਿਕਰੀ ਅਤੇ ਇਸਤੇਮਾਲ 'ਤੇ ਪੂਰਨ ਪਾਬੰਦੀ ਲਗਾ ਰਹੇ ਹਨ ਤਾਂ ਜੋ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇ। ਕਿਸੇ ਵੀ ਤਰ੍ਹਾਂ ਦੇ ਪਟਾਕਿਆਂ ਦੀ ਆਨਲਾਈਨ ਵਿਕਰੀ ਤੇ ਸਪਲਾਈ 'ਤੇ ਵੀ ਪੂਰਨ ਪਾਬੰਦੀ ਹੋਵੇਗੀ।"

# ਸ੍ਰੀ ਅਕਾਲ ਤਖ਼ਤ ਸਾਹਿਬ ਪੇਸ਼ ਹੋਏ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਬੀਬੀ ਜਗੀਰ ਕੌਰ

**ਅੰਮ੍ਰਿਤਸਰ, 10 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਪੰਜ ਸਿੰਘ ਸਹਿਬਾਨਾਂ ਵੱਲੋਂ ਕੀਤੀ ਹਦਾਇਤ ਦੀ ਪਾਲਣਾ ਕਰਦਿਆਂ ਅੱਜ ਸਾਬਕਾ ਕੈਬਨਿਟ ਮੰਤਰੀ ਸੋਹਨ ਸਿੰਘ ਠੰਡਲ,ਪਰਮਿੰਦਰ ਸਿੰਘ ਢੀਂਡਸਾ ਤੋਂ ਬਾਅਦ ਬੀਬੀ ਜਗੀਰ ਕੌਰ ਨੇ ਵੀ ਆਪਣਾ ਸਪਸ਼ਟੀਕਰਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੇ ਦਿੱਤਾ ਹੈ ।

ਇਸ ਦੌਰਾਨ ਪਰਮਿੰਦਰ ਸਿੰਘ ਢਿੰਡਸਾ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅੱਜ ਸਪੱਸ਼ਟੀਕਰਨ ਦੇਣ ਲਈ ਪਹੁੰਚੇ ਹਾਂ। ਉਨ੍ਹਾਂ ਕਿਹਾ ਅਕਾਲ ਤਖ਼ਤ ਸਾਹਿਬ ਦੇ ਜੋ ਵੀ ਹੁਕਮ ਹੋਣਗੇ ਸਾਡੇ ਸਿਰ ਮੱਥੇ ਹਨ। ਜਦੋਂ ਉਨ੍ਹਾਂ ਨਾਲ ਪੱਤਰਕਾਰਾਂ ਨੇ ਸਿਆਸੀ ਮੁੱਦੇ 'ਤੇ ਗੱਲ ਕਰਨੀ ਚਾਹੀ ਦਾ ਢਿੰਡਸਾ ਨੇ ਕੋਈ ਜਵਾਬ ਨਹੀਂ ਦਿੱਤਾ ਅਤੇ ਉੱਥੋਂ ਨਿਕਲ ਗਏ।

ਇਸ ਮੌਕੇ ਬੀਬੀ ਜਗੀਰ ਕੌਰ ਨੇ ਕਿਹਾ ਕਿ 2012 ਤੋਂ 2017 ਦੀ ਸਰਕਾਰ 'ਚ ਮੈਂ 14 ਮਾਰਚ 2012 ਨੂੰ ਬਤੌਰ ਕੈਬਨਿਟ ਮੰਤਰੀ ਦੀ ਸਹੁੰ ਚੁੱਕੀ ਸੀ ਅਤੇ 30 ਮਾਰਚ 2012 ਨੂੰ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੈਂ ਸਿਰਫ਼ 16 ਦਿਨ ਹੀ ਸਰਕਾਰ 'ਚ ਕੈਬਨਿਟ ਮੰਤਰੀ ਰਹੀ। ਇਸ ਦੌਰਾਨ ਚਲਤ ਕੇਸਾਂ ਵਿੱਚ ਦਰਜ ਗੁਨਾਹਾਂ ਬਾਬਤ ਕੋਈ ਵੀ ਕਾਰਵਾਈ ਜਾਂ ਫ਼ੈਸਲਾ ਪੰਜਾਬ ਸਰਕਾਰ ਵੱਲੋਂ ਕੈਬਨਿਟ 'ਚ ਨਹੀਂ ਲਿਆ ਗਿਆ, ਜਿਸ ਵਿੱਚ ਕਿਸੇ ਵੀ ਕਿਸਮ ਦੀ ਮੇਰੀ ਸ਼ਮੂਲੀਅਤ ਹੋਵੇ।

ਉਨ੍ਹਾਂ ਕਿਹਾ ਕਿ ਬਤੌਰ ਪਾਰਟੀ ਦੀ ਜ਼ਿੰਮੇਵਾਰ ਸੇਵਾਦਾਰ ਅਤੇ ਸਿੱਖ ਸਿਧਾਂਤਾਂ ਤੇ ਸਮੇਂ-ਸਮੇਂ ਸਿਰ ਪਹਿਰਾ ਕਰਦਿਆਂ ਆਪਣੀ ਆਵਾਜ਼ ਬੁਲੰਦ ਕਰਦੀ ਰਹੀ ਹਾਂ। ਉਨ੍ਹਾਂ ਕਿਹਾ ਕਿ ਮੈਂ ਅਕਾਲੀ ਦਲ ਵਿੱਚ ਰਹਿ ਕੇ ਵੀ ਅਕਾਲੀ ਦਲ ਦੇ ਮਾੜੀਆਂ ਨੀਤੀਆਂ ਖ਼ਿਲਾਫ਼ ਵਾਰ-ਵਾਰ ਆਵਾਜ਼ ਬੁਲੰਦ ਕਰਦੀ ਰਹੀ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਜੋ ਤਤਕਾਲੀ ਮੰਤਰੀਆਂ ਨੂੰ ਤਲਬ ਕੀਤਾ ਗਿਆ ਜਿਸ ਵਿੱਚ ਮੇਰਾ ਵੀ ਨਾਮ ਹੈ ਤੇ ਮੈਂ ਨਿਮਾਣੇ ਭਾਵਨਾ ਨਾਲ ਗੁਰੂ ਪੰਥ ਨੂੰ ਪੂਰਨ ਸਮਰਪਿਤ ਹੋ ਕੇ ਅੱਜ ਸ੍

# ਬਿਹਤਰ ਰਿਟਰਨ ਲਈ ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼

## ਜੇ ਤੁਸੀਂ ਨਿਵੇਸ਼ ਲਈ ਪ੍ਰਾਪਰਟੀ ਖ਼ਰੀਦ ਰਹੇ ਹੋ ਤਾਂ ਕਮਰਸ਼ੀਅਲ ਪ੍ਰਾਪਰਟੀ ਦੀ ਚੋਣ ਕਰੋ...

ਨੋਟਬੰਦੀ, ਜੀਐੱਸਟੀ ਆਦਿ ਕਈ ਅਹਿਮ ਤਬਦੀਲੀਆਂ ਦਾ ਰੀਅਲ ਅਸਟੇਟ ਸੈਕਟਰ ਗਵਾਹ ਬਣ ਗਿਆ ਹੈ। ਇਨ੍ਹਾਂ ਫ਼ੈਸਲਿਆਂ ਨਾਲ ਰੀਅਲ ਅਸਟੇਟ ਸੈਕਟਰ 'ਚ ਪਾਰਦਰਸ਼ਿਤਾ ਵਧੇਗੀ ਅਤੇ ਨਿਵੇਸ਼ਕਾਂ ਦਾ ਵਿਸ਼ਵਾਸ ਫਿਰ ਤੋਂ ਬਹਾਲ ਹੋਵੇਗਾ। ਜੇ ਤੁਸੀਂ ਨਿਵੇਸ਼ ਲਈ ਪ੍ਰਾਪਰਟੀ ਖ਼ਰੀਦ ਰਹੇ ਹੋ ਤਾਂ ਤੁਸੀਂ ਕਮਰਸ਼ੀਅਲ ਪ੍ਰਾਪਰਟੀ ਦੀ ਚੋਣ ਕਰੋ। ਤੁਹਾਨੂੰ ਵਧੀਆ ਰਿਟਰਨ ਮਿਲ ਸਕੇਗਾ।

### ਟ੍ਰੈਕ ਰਿਕਾਰਡ

ਡਿਵੈਲਪਰ ਦੀ ਪਛਾਣ ਅਤੇ ਉਸ ਦਾ ਟਰੈਕ ਰਿਕਾਰਡ, ਮਾਲੀ ਸਥਿਤੀ ਅਤੇ ਪ੍ਰਾਪਰਟੀ ਮੈਨੇਜਮੈਂਟ ਦੀ ਗੁਣਵੱਤਤਾ 'ਤੇ ਵੀ ਧਿਆਨ ਦਿਉ। ਜੇ ਤੁਸੀਂ ਕਿਸੇ ਰੀਅਲ ਸਟੋਰ 'ਚ ਨਿਵੇਸ਼ ਕਰ ਰਹੇ ਹੋ ਤਾਂ ਇਹ ਵੀ ਦੇਖਣਾ ਚਾਹੀਂ ਹੈ ਕਿ ਉੱਥੇ ਕਿੰਨੇ ਲੋਕ ਆ ਸਕਦੇ ਹਨ ਅਤੇ ਆਲੇ-ਦੁਆਲੇ ਕੀ ਆਕਰਸ਼ਕ ਹੈ।

### ਛੋਟੇ ਸਾਈਜ਼ ਦੀ ਕਰੋ ਚੋਣ

ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼ ਕਰਨਾ ਚਾਹੁੰਦੇ ਹੋ ਤਾਂ ਛੋਟੇ ਸਾਈਜ਼ ਦੀ ਪ੍ਰਾਪਰਟੀ 'ਚ ਨਿਵੇਸ਼ ਕਰੋ। ਮੁੰਬਈ, ਦਿੱਲੀ-ਐੱਨਸੀਆਰ ਤੋਂ ਇਲਾਵਾ ਟੀਅਰ ਟੂ ਅਤੇ ਥ੍ਰੀ ਸ਼ਹਿਰਾਂ 'ਚ ਛੋਟੇ-ਛੋਟੇ ਕਮਰਸ਼ੀਅਲ ਯੂਨਿਟ ਉਪਲਬਧ ਹਨ। ਕੁਝ ਸਾਲ ਪਹਿਲਾਂ ਦੀ ਤੁਲਨਾ 'ਚ ਇਹ ਬਿਲਕੁਲ ਵੱਖ ਹਨ।

### ਖ਼ਰੀਦਣ ਤੋਂ ਪਹਿਲਾਂ

ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼ ਤੋਂ ਪਹਿਲਾਂ ਉਸ ਪ੍ਰਾਪਰਟੀ ਦੀ ਬਾਜ਼ਾਰੀ ਕੀਮਤ ਅਤੇ ਭਵਿੱਖ 'ਚ ਕਿਹੋ ਜਿਹੀ ਕੀਮਤ ਰਹੇਗੀ, ਇਹ ਜ਼ਰੂਰ ਦੇਖੋ। ਤੁਹਾਡੇ ਦੁਆਰਾ ਨਿਵੇਸ਼ ਕੀਤੀ ਗਈ ਪ੍ਰਾਪਰਟੀ 'ਚ ਕਿਰਾਏਦਾਰਾਂ ਦੀ ਦਿਲਚਸਪੀ ਕਿਸ ਤਰ੍ਹਾਂ ਦੀ ਹੋਵੇਗੀ, ਇਸ ਬਾਰੇ ਖੋਜ ਕਰ ਕੇ ਜਾਣਕਾਰੀ ਇਕੱਠੀ ਕਰੋ। ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼ ਕਰਨ ਤੋਂ ਪਹਿਲਾਂ ਪ੍ਰਾਪਰਟੀ ਦੇ ਲੋਕੇਸ਼ਨ ਦੇ ਨਾਲ-ਨਾਲ ਉੱਥੋਂ ਦੀ ਡਿਮਾਂਡ ਅਤੇ ਸਪਲਾਈ ਦੀ ਸਥਿਤੀ 'ਤੇ ਵੀ ਧਿਆਨ ਦੇਣਾ ਫ਼ਾਇਦੇਮੰਦ ਹੁੰਦਾ ਹੈ। ਜੇ ਸਹੀ ਤਰੀਕੇ ਨਾਲ ਖੋਜ ਨਹੀ ਕੀਤੀ ਗਈ ਤਾਂ ਨੁਕਸਾਨ ਹੋ ਸਕਦਾ ਹੈ।

### ਨਿਵੇਸ਼ ਦੇ ਫ਼ਾਇਦੇ

ਕਮਰਸ਼ੀਅਲ ਪ੍ਰਾਪਰਟੀ ਦੀ ਰੇਂਟਲ ਯੀਲਡ ਆਮਤੌਰ 'ਤੇ 9-12 ਫ਼ੀਸਦੀ ਹੁੰਦੀ ਹੈ। ਦੂਜੇ ਪਾਸੇ ਰੇਜੀਡੇਂਸ਼ੀਅਲ ਪ੍ਰਾਪਰਟੀ ਦੀ ਰੇਂਟਲ ਯੀਲਡ 2-3.5 ਫ਼ੀਸਦੀ ਹੁੰਦੀ ਹੈ। ਭਾਰਤ 'ਚ ਆਫ਼ਿਸ ਸਪੇਸ ਦੀ ਮੰਗ ਤੇਜ਼ੀ ਨਾਲ ਵੱਧ ਰਹੀ ਹੈ। ਕਮਰਸ਼ੀਅਲ ਸਪੇਸ 'ਚ ਨਿਵੇਸ਼ ਕਰ ਤੁਸੀਂ ਪ੍ਰਾਪਰਟੀ ਨੂੰ ਵਧੀ ਹੋਈ ਕੀਮਤ 'ਤੇ ਵੇਚ ਕੇ ਚੰਗਾ ਲਾਭ ਕਮਾ ਸਕਦੇ ਹੋ। ਉੱਥੇ ਰੇਜੀਡੇਂਸ਼ੀਅਲ ਪ੍ਰਾਪਰਟੀ ਦੀ ਤੁਲਨਾ 'ਚ ਕਮਰਸ਼ੀਅਲ ਪ੍ਰਾਪਰਟੀ ਤੋਂ ਕਿਰਾਇਆ ਵੀ ਜ਼ਿਆਦਾ ਮਿਲੇਗਾ। ਕਮਰਸ਼ੀਅਲ ਪ੍ਰਾਪਰਟੀ 'ਚ ਨਿਵੇਸ਼ ਕਰਨ ਨਾਲ ਤੁਹਾਨੂੰ ਬਾਕੀ ਨਿਵੇਸ਼ਾਂ ਤੋਂ ਜ਼ਿਆਦਾ ਲਾਭ ਮਿਲਦਾ ਹੈ।

### ਛੋਟੇ ਕਮਰਸ਼ੀਅਲ ਯੂਨਿਟ 'ਚ ਨਿਵੇਸ਼ ਦੇ ਫ਼ਾਇਦੇ

ਛੋਟੇ ਕਮਰਸ਼ੀਅਲ ਯੂਨਿਟ 'ਚ ਤੁਹਾਨੂੰ ਘੱਟ ਨਿਵੇਸ਼ 'ਚ ਜ਼ਿਆਦਾ ਰਿਟਰਨ ਮਿਲੇਗਾ ਤੇ ਨਾਲ ਹੀ ਕਿਰਾਏਦਾਰ ਲੱਭਣਾ ਵੀ ਆਸਾਨ ਹੋਵੇਗਾ। ਇਸ ਦੇ ਨਾਲ ਹੀ ਤੁਸੀਂ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਸਪੇਸ ਦਾ ਇਸਤੇਮਾਲ ਕਰ ਸਕਦੇ ਹੋ।

*ਪੁਰਾਣੀ ਕਹਾਵਤ ਹੈ ਜਿੱਥੇ ਸਫ਼ਾਈ ਉੱਥੇ ਖ਼ੁਦਾਈ। ਇਸ ਲਈ ਆਪਣੇ ਘਰ ਦੀ ਸਾਫ਼-ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ...*

# ਬਰਕਰਾਰ ਰਹੇ ਘਰ ਦੀ ਸੁੱਖ-ਸ਼ਾਂਤੀ

ਘਰ ਦੀ ਸੁੱਖ-ਸ਼ਾਂਤੀ ਲਈ ਵਾਸਤੂ-ਸਾਸ਼ਤਰ ਬਹੁਤ ਮਦਦਗਾਰ ਹੁੰਦਾ ਹੈ। ਵਾਸਤੂ ਹੀ ਸਾਡੇ ਕੰਮ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਕਾਰਨ ਬਣਦਾ ਹੈ। ਦੀਵਾਲੀ 'ਤੇ ਤਾਂ ਵਾਸਤੂ ਦਾ ਮਹੱਤਵ ਹੋਰ ਵੀ ਜ਼ਿਆਦਾ ਵੱਧ ਜਾਂਦਾ ਹੈ। ਦੀਵਾਲੀ ਦੇ ਦਿਨ ਤੁਹਾਨੂੰ ਆਪਣੇ ਘਰ ਦਾ ਵਾਸਤੂ ਠੀਕ ਕਰ ਲੈਣਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਬਹੁਤ ਲਾਭ ਮਿਲਦਾ ਹੈ।



### ਘਰ ਦਾ ਮੇਨ ਦਰਵਾਜ਼ਾ

ਦੀਵਾਲੀ ਦੇ ਦਿਨ ਘਰ ਦਾ ਮੇਨ ਦਰਵਾਜ਼ਾ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ ਤੇ ਨਾਲ ਹੀ ਦਰਵਾਜ਼ੇ ਬਾਹਰ ਸੁੰਦਰ ਰੰਗਾਂ ਦੀ ਰੰਗੋਲੀ ਵੀ ਬਣਾਉ। ਮੇਟ ਗੇਟ ਦੇ ਉੱਤਰ ਦਿਸ਼ਾ 'ਚ ਲਾਲ ਕੁਮਕੁਮ ਨਾਲ ਰੰਗੋਲੀ ਬਣਾਉ।

### ਸਫ਼ਾਈ

ਸਾਰੇ ਧਰਮ ਗ੍ਰੰਥਾਂ 'ਚ ਕਿਹਾ ਗਿਆ ਹੈ ਕਿ ਮਾਤਾ ਲਕਸ਼ਮੀ ਉਸ ਘਰ ਆਉਂਦੀ ਹੈ, ਜੋ ਸਾਫ਼-ਸੁੱਥਰਾ ਹੁੰਦਾ ਹੈ। ਘਰ 'ਚੋਂ ਗਰੀਬੀ, ਦੁੱਖ, ਅਸ਼ਾਂਤੀ ਵਰਗੀਆਂ ਗੱਲਾਂ ਨੂੰ ਹਮੇਸ਼ਾਂ ਲਈ ਖ਼ਤਮ ਕਰਨ ਲਈ ਦੀਵਾਲੀ 'ਤੇ ਘਰ ਨੂੰ ਪੂਰੀ ਤਰ੍ਹਾਂ ਸਾਫ਼ ਰੱਖੋ।

### ਨਮਕ ਵਾਲਾ ਪਾਣੀ

ਪਾਣੀ 'ਚ ਨਮਕ ਮਿਲਾਉ ਅਤੇ ਇਸ ਨੂੰ ਪੂਰੇ ਘਰ ਦੇ ਕੋਨੇ-ਕੋਨੇ 'ਚ ਛਿੜਕੋ। ਵਾਸਤੂ ਅਨੁਸਾਰ ਨਮਕ ਦਾ ਪਾਣੀ ਘਰ ਨੂੰ ਸ਼ੁੱਧ ਕਰਦਾ ਹੈ। ਇਹ ਘਰ ਦੀਆਂ ਨਕਾਰਾਤਮਿਕ ਊਰਜਾ ਨੂੰ ਸੋਖ਼ ਲੈਂਦਾ ਹੈ ਅਤੇ ਸ਼ੁੱਭ ਪ੍ਰਭਾਵ ਵਧਾਉਂਦਾ ਹੈ।

### ਮੂਰਤੀ ਦੀ ਸਥਾਪਨਾ

ਦੀਵਾਲੀ ਦੀ ਪੂਜਾ ਲਈ ਘਰ 'ਚ ਦੇਵੀ ਲਕਸ਼ਮੀ ਅਤੇ ਭਗਵਾਨ ਗਣੇਸ਼ ਦੀ ਮੂਰਤੀਆਂ ਸਥਾਪਿਤ ਕੀਤੀਆਂ ਜਾਂਦੀਆਂ ਹਨ। ਕੋਸ਼ਿਸ਼ ਕਰੋ ਕਿ ਲਕਸ਼ਮੀ ਦੀ ਸਥਾਪਨਾ ਘਰ 'ਚ ਉੱਤਰ ਦਿਸ਼ਾ 'ਚ ਹੋਵੇ ਤੇ ਨਾਲ ਹੀ ਭਗਵਾਨ ਕੁਬੇਰ ਜੀ ਦੀ ਮੂਰਤੀ ਵੀ ਸ਼ਾਮਿਲ ਕਰੋ।

### ਕਾਲੇ ਰੰਗ ਦੇ ਕੱਪੜੇ

ਕਾਲਾ ਰੰਗ ਫ਼ੈਸ਼ਨ ਦੀ ਨਜ਼ਰ 'ਚ ਬਹੁਤ ਚੰਗਾ ਮੰਨਿਆ ਜਾਂਦਾ ਹੈ ਪਰ ਵਾਸਤੂ 'ਚ ਇਸ ਨੂੰ ਬੁਰਾ ਮੰਨਿਆ ਜਾਂਦਾ ਹੈ। ਵਾਸਤੂ ਅਨੁਸਾਰ ਕਿਸੇ ਵੀ ਸ਼ੁੱਭ ਪ੍ਰਸੰਗ ਜਾਂ ਪੂਜਾ 'ਚ ਘਰ ਦੇ ਕਿਸੇ ਵੀ ਮੈਂਬਰ ਨੂੰ ਕਾਲੇ ਰੰਗ ਦੇ ਕੱਪੜੇ ਨਹੀ ਪਹਿਨਣੇ ਚਾਹੀਦੇ। ਅਜਿਹਾ ਕਰਨ ਨਾਲ ਦੇਵੀ ਲਕਸ਼ਮੀ ਨਾਰਾਜ਼ ਹੋ ਜਾਂਦੀ ਹੈ। ਇਸ ਲਈ ਦਿਵਾਲੀ ਪੂਜਾ 'ਚ ਕਾਲੇ ਰੰਗ ਦੇ ਕੱਪੜੇ ਨਾ ਪਹਿਨੋ।

# ਦਫ਼ਤਰ ਕਾਰਪੋਰੇਟ ਹੋਵੇ ਜਾਂ ਸਰਕਾਰੀ, ਦੀਵਾਲੀ 'ਤੇ ਸਾਰਿਆਂ ਨੂੰ ਬੋਨਸ ਦੀ ਸੌਗ਼ਾਤ ਮਿਲਦੀ ਹੈ। ਇਹ ਬੋਨਸ ਕਿੰਨਾ ਹੋਵੇਗਾ। ਇਹ ਆਮ ਤੌਰ 'ਤੇ ਕਰਮਚਾਰੀ ਦੀ ਤਨਖ਼ਾਹ 'ਤੇ ਨਿਰਭਰ ਕਰਦਾ ਹੈ। ਅੱਚਆਰ ਦੀ ਭਾਸ਼ਾ 'ਚ ਇਹ ਤੁਹਾਡੀ ਸੀਟੀਸੀ (ਕਾਸਟ ਟੂ ਕੰਪਨੀ) ਦਾ ਹਿੱਸਾ ਹੁੰਦਾ ਹੈ...

# ਕੀ ਕਰੀਏ ਬੋਨਸ ਦਾ?

ਆਦਾਤਰ ਲੋਕ ਤਿਉਹਾਰ ਮੌਕੇ 'ਤੇ ਮਿਲੇ ਇਸ ਬੋਨਸ ਨੂੰ ਫਿਜ਼ੂਲ ਖ਼ਰਚਿਆਂ 'ਚ ਖ਼ਰਚ ਦਿੰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਦੀਵਾਲੀ ਦਾ ਮਤਲਬ ਪੈਸੇ ਖ਼ਰਚ ਕਰਨਾ ਹੁੰਦਾ ਹੈ, ਬੱਚਿਆਂ ਲਈ ਪਟਾਕੇ ਖ਼ਰੀਦਣਾ, ਸ਼ਾਪਿੰਗ ਕਰਨਾ, ਘਰ ਲਈ ਨਵਾਂ ਸਾਮਾਨ ਖ਼ਰੀਦਣਾ ਅਤੇ ਲੇਟੇਸਟ ਗੈਜੇਟ ਦੇ ਨਾਲ-ਨਾਲ ਸੋਨੇ 'ਚ ਨਿਵੇਸ਼ ਕਰਨਾ ਹੁੰਦਾ ਹੈ। ਕੋਈ ਵੀ ਇਸ ਬੋਨਸ ਨੂੰ ਬਿਹਤਰ ਜਗ੍ਹਾ ਨਿਵੇਸ਼ ਕਰਨ ਬਾਰੇ ਨਹੀ ਸੋਚਦਾ। ਅਸੀਂ ਆਪਣੇ ਇਸ ਲੇਖ ਦੇ ਮਾਧਿਅਮ ਨਾਲ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕਰਾਂਕਿ ਤੁਸੀਂ ਇਸ ਬੋਨਸ ਨੂੰ ਕਿਸ ਕਿਸ ਜਗ੍ਹਾ ਨਿਵੇਸ਼ ਕਰ ਖ਼ੁਦ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਬਣਾ ਸਕਦੇ ਹੋ।

### ਹਲਕਾ ਕਰੋ ਵਿੱਤੀ ਬੋਝ

ਜੇ ਤੁਹਾਨੂੰ ਕੰਪਨੀ ਨੇ ਦੀਵਾਲੀ ਮੌਕੇ 'ਤੇ ਚੰਗਾ ਬੋਨਸ ਦਿੱਤਾ ਹੈ ਤਾਂ ਤੁਹਾਨੂੰ ਆਪਣੇ ਆਪ ਪਹਿਲਾਂ ਤੋਂ ਚੱਲੇ ਆ ਰਹੇ ਕਰਜ਼ ਦੀ ਰੀਪੇਮੈਂਟ ਕਰ ਆਪਣੇ ਵਿੱਤੀ ਬੋਝ ਨੂੰ ਥੋੜ੍ਹਾ ਹਲਕਾ ਕਰ ਸਕਦੇ ਹੋ। ਇਹ ਇਕ ਸਹੀ ਤਰੀਕਾ ਹੋ ਸਕਦਾ ਹੈ।

### ਨਿਵੇਸ਼ ਦੀ ਕਮੀ ਨੂੰ ਕਰੋ ਪੂਰਾ

ਜੇ ਤੁਸੀਂ ਲੰਬੇ ਸਮੇਂ ਲਈ ਕਿਸੇ ਨਿਵੇਸ਼ ਦੀ ਯੋਜਨਾ ਬਣਾ ਰਹੇ ਹੋ ਪਰ ਉਸ 'ਚ ਪੈਸਿਆਂ ਦੀ ਕਮੀ ਹੋ ਗਈ ਹੈ ਤਾਂ ਬੋਨਸ ਦਾ ਪੈਸਾ ਇਸ ਕਮੀ ਨੂੰ ਕਾਫ਼ੀ ਹੱਦ ਤਕ ਪੂਰਾ ਕਰਨ 'ਚ ਕੰਮ ਆ ਸਕਦਾ ਹੈ। ਜਿਵੇਂ ਕਿ ਤੁਸੀਂ ਲੰਬੇ ਸਮੇਂ ਲਈ ਇਕੁਇਟੀ ਜਾਂ ਡੇਟ 'ਚ ਨਿਵੇਸ਼ ਕਰਨ ਦੀ ਸੋਚ ਰਹੇ ਹੋ ਤਾਂ ਇਹ ਪੈਸਾ ਤੁਹਾਡੇ ਕੰਮ ਆ ਸਕਦਾ ਹੈ।

### ਐਮਰਜੈਂਸੀ ਫੰਡ ਬਣਾਉਣ 'ਚ ਕਰੋ ਇਸਤੇਮਾਲ

ਆਮਤੌਰ 'ਤੇ ਲੋਕ ਐਮਰਜੈਂਸੀ ਫੰਡ ਨੂੰ ਤਿਆਰ ਕਰਦੇ ਹਨ ਅਤੇ ਅਜਿਹੇ 'ਚ ਬੁਰਾ ਸਮਾਂ ਆਉਣ 'ਤੇ ਉਨ੍ਹਾਂ ਨੂੰ ਪਰੇਸ਼ਾਨ ਹੋਣਾ ਪੈ ਸਕਦਾ ਹੈ। ਜੇ ਤੁਹਾਨੂੰ ਕੰਪਨੀ ਨੇ ਚੰਗਾ ਬੋਨਸ ਦਿੱਤਾ ਹੈ ਤਾਂ ਬਿਹਤਰ ਹੋਵੇਗਾ ਕਿ ਤੁਸੀਂ ਉਸ ਨਾਲ ਇਕ ਐਮਰਜੈਂਸੀ ਫੰਡ ਤਿਆਰ ਕਰੋ ਤਾਂ ਕਿ ਮੁਸ਼ਕਲ ਸਥਿਤੀ 'ਚ ਤੁਸੀਂ ਖ਼ੁਦ ਦੀ ਅਤੇ ਆਪਣੇ ਪਰਿਵਾਰ ਦੀ ਆਰਥਿਕ ਸੁਰੱਖਿਆ ਨਿਸ਼ਚਿਤ ਕਰ ਸਕੋਗੇ।

### ਗੋਲਡ ਈਟੀਐੱਫ 'ਚ ਵੀ ਕਰੋ ਨਿਵੇਸ਼

ਦੀਵਾਲੀ ਤੋਂ ਕੁਝ ਦਿਨ ਪਹਿਲਾਂ ਧੰਨ ਤੇ ਰਸ ਦੇ ਮੌਕੇ ਸੋਨਾ ਖ਼ਰੀਦਣਾ ਸ਼ੁੱਭ ਮੰਨਿਆ ਜਾਂਦਾ ਹੈ। ਅਜਿਹੇ 'ਚ ਤੁਸੀਂ ਦੀਵਾਲੀ ਤੋਂ ਠੀਕ ਪਹਿਲਾਂ ਕੰਪਨੀ ਵੱਲੋਂ ਦਿੱਤੇ ਬੋਨਸ ਨਾਲ ਈਟੀਐੱਫ ਦੀ ਖ਼ਰੀਦ ਕਰ ਬਿਹਤਰ ਨਿਵੇਸ਼ ਨਿਸ਼ਚਿਤ ਕਰ ਸਕਦੇ ਹੋ। ਹੁਣ ਲੋਕ ਫਿਜ਼ੀਕਲ ਤਰੀਕੇ ਦੀ ਬਜਾਇ ਸੋਨੇ 'ਚ ਹੋਰ ਤਰੀਕਿਆਂ ਨਾਲ ਨਿਵੇਸ਼ ਕਰਨਾ ਜ਼ਿਆਦਾ ਪਸੰਦ ਕਰਨ ਲੱਗੇ ਹਨ।

### ਸਿੱਕੇ ਖ਼ਰੀਦੋ

ਫਿਜ਼ੀਕਲ ਗੋਲਡ 'ਚ ਨਿਵੇਸ਼ ਕਰਨ ਦਾ ਇਕ ਹੋਰ ਤਰੀਕਾ ਛੱਡ ਸਿੱਕਿਆਂ 'ਚ ਨਿਵੇਸ਼ ਕਰੋ। ਬੈਂਕ ਅਤੇ ਜਿਊਲਰੀ ਸ਼ਾਪ ਤੋਂ ਕੋਈ ਵੀ ਉਪਭੋਗਤਾ ਇਸ ਨੂੰ ਖ਼ਰੀਦ ਸਕਦਾ ਹੈ। ਆਮਤੌਰ 'ਤੇ ਇਹ 5 ਗ੍ਰਾਮ, 10 ਗ੍ਰਾਮ ਅਤੇ 50 ਗ੍ਰਾਮ ਭਾਰ 'ਚ ਉਪਲਬਧ ਹੁੰਦਾ ਹੈ। ਇਸ ਸਾਧਨ ਜ਼ਰੀਏ ਜੇ ਤੁਸੀਂ ਸੋਨੇ 'ਚ ਨਿਵੇਸ਼ ਕਰਦੇ ਹੋ ਤਾਂ ਤੁਹਾਨੂੰ ਗਹਿਣਿਆਂ ਦੀ ਤੁਲਨਾ 'ਚ ਜ਼ਿਆਦਾ ਸ਼ੁੱਧਤਾ ਮਿਲਦੀ ਹੈ। ਇਸ 'ਤੇ ਮਿਲਣ ਵਾਲਾ ਰਿਟਰਨ ਗਹਿਣਿਆਂ ਦੀ ਤੁਲਨਾ 'ਚ ਇਸ ਲਈ ਜ਼ਿਆਦਾ ਹੁੰਦਾ ਹੈ ਕਿਉਂਕਿ ਇਸ 'ਚ ਕੋਈ ਵੀ ਮੇਕਿੰਗ ਜਾਂ ਡਿਜ਼ਾਈਨ ਦਾ ਚਾਰਜ ਨਹੀ ਹੁੰਦਾ। ਹਾਲਾਂਕਿ ਜ਼ਰੂਰਤ ਪੈਣ 'ਤੇ ਭਵਿੱਖ 'ਚ ਕਦੇ ਵੀ ਤੁਸੀਂ ਇਸ ਦੇ ਗਹਿਣੇ ਬਣਵਾ ਸਕਦੇ ਹੋ।

### ਗੋਲਡ ਈਟੀਐੱਫ (ਮਿਊਚਲ ਫੰਡ)

ਗੋਲਡ ਈਟੀਐੱਫ ਜ਼ਰੀਏ ਤੁਸੀਂ ਗੋਲਡ 'ਚ ਆਨਲਾਈਨ ਨਿਵੇਸ਼ ਕਰ ਸਕਦੇ ਹੋ। ਆਨਲਾਈਨ ਗੋਲਡ ਖ਼ਰੀਦਣ ਲਈ ਤੁਹਾਡੇ ਕੋਲ ਇਕ ਡੀਮੈਟ ਅਕਾਊਂਟ ਹੋਣਾ ਜ਼ਰੂਰੀ ਹੈ। ਇਸ ਮਾਧਿਅਮ ਨਾਲ ਕੋਈ ਵੀ ਉਪਭੋਗਤਾ ਘੱਟ ਤੋਂ ਘੱਟ ਇਕ ਗ੍ਰਾਮ ਸੋਨਾ ਖ਼ਰੀਦ ਸਕਦਾ ਹੈ। ਇਸ ਨੂੰ ਖ਼ਰੀਦਣ 'ਚ ਸਿਰਫ਼ ਬਰੋਕਰ ਅਤੇ ਡੀਮੈਟ ਅਕਾਊਂਟ ਦੇ ਚਾਰਜ ਲੱਗਦੇ ਹਨ। ਜੇ ਉਪਭੋਗਤਾ ਵੇਚਣਾ ਚਾਹੇ ਤਾਂ ਡੀਮੈਟ ਦੀ ਮਦਦ ਨਾਲ ਹੀ ਘਰ ਬੈਠੇ ਵੇਚ ਸਕਦੇ ਹਨ।

### ਗੋਲਡ ਫੰਡ (ਮਿਊਚਲ ਫੰਡ)

ਆਨਲਾਈਨ ਗੋਲਡ 'ਚ ਨਿਵੇਸ਼ ਕਰਨ ਦਾ ਇਕ ਹੋਰ ਤਰੀਕਾ ਮਿਊਚਲ ਫੰਡ ਵੀ ਹੈ। ਇਸ 'ਚ ਤੁਸੀਂ ਨਿਊਨਤਮ 1000 ਰੁਪਏ ਦਾ ਵੀ ਨਿਵੇਸ਼ ਕਰ ਸਕਦੇ ਹਨ। ਕਈ ਕੰਪਨੀਆਂ ਗੋਲਡ ਫੰਡ ਚਲਾਉਂਦੀਆਂ ਹਨ, ਜਿਸ 'ਚ ਨਿਵੇਸ਼ ਕਰ ਕੇ ਕੋਈ ਵੀ ਵਿਅਕਤੀ ਗੋਲਡ 'ਚ ਆਨਲਾਈਨ ਨਿਵੇਸ਼ ਕਰ ਸਕਦਾ ਹੈ।

### ਤੋਹਫ਼ਾ ਨਹੀਂ, ਕੈਸ਼ ਡਿਸਕਾਊਂਟ ਨੂੰ ਦਿਓ ਤਵੱਜੋ

ਜੇ ਤੁਸੀਂ ਨਵਰਾਤਰਿਆਂ 'ਚ ਆਪਣੀ ਪਸੰਦ ਦਾ ਘਰ ਨਹੀ ਖ਼ਰੀਦ ਸਕੇ ਤਾਂ ਤੁਹਾਡੇ ਲਈ ਮੌਕੇ ਖ਼ਤਮ ਨਹੀ ਹੋਏ ਹਨ। ਪ੍ਰਾਪਰਟੀ ਬਾਜ਼ਾਰ 'ਚ ਨਾ ਤਾਂ ਆਫਰਜ਼ ਖ਼ਤਮ ਹੋਈਆਂ ਹਨ ਤੇ ਨਾ ਹੀ ਚੰਗੀ ਪ੍ਰਾਪਰਟੀ। ਤੁਸੀਂ ਧੰਨ ਤੇ ਰਸ ਜਾਂ ਦੀਵਾਲੀ ਦੇ ਸ਼ੁੱਭ ਮੌਕੇ 'ਤੇ ਆਪਣੇ ਬਜਟ 'ਚ ਪ੍ਰਾਪਰਟੀ ਖ਼ਰੀਦ ਸਕਦੇ ਹੋ। ਹੁਣ ਵੀ ਤੁਹਾਡੇ ਕੋਲ ਕਾਫ਼ੀ ਸਮਾਂ ਹੈ। ਇਸ ਮੌਕੇ ਦਾ ਫ਼ਾਇਦਾ ਉਠਾ ਕੇ ਤੁਸੀਂ ਸਹੀ ਪ੍ਰਾਪਰਟੀ ਦੀ ਚੋਣ ਦੇ ਨਾਲ ਚੰਗੀ ਡੀਲ ਹਾਸਿਲ ਕਰਨ 'ਚ ਇਸਤੇਮਾਲ ਕਰ ਸਕਦੇ ਹੋ।

### ਮੁਫ਼ਤ ਤੋਹਫ਼ੇ ਬਦਲੇ ਕੀਮਤ ਘੱਟ ਕਰਾਉ

ਪ੍ਰਾਪਰਟੀ ਬਾਜ਼ਾਰ ਇਕ ਤੋਂ ਵੱਧ ਕੇ ਇਕ ਵਧੀਆ ਤੋਹਫ਼ੇ ਦੀ ਆਫਰਜ਼ ਦਿੰਦੇ ਹਨ। ਕੋਈ ਸੋਨੇ ਦੇ ਸਿੱਕੇ ਦੇ ਰਿਹਾ ਹੈ ਤੇ ਕੋਈ ਐੱਲਈਡੀ ਟੀਵੀ, ਵਾਸ਼ਿੰਗ ਮਸ਼ੀਨ, ਹੋਮ ਅਪਲਾਇੰਸ ਆਦਿ। ਸਾਡਾ ਤੁਹਾਨੂੰ ਸੁਝਾਅ ਹੈ ਕਿ ਤੁਸੀਂ ਇਨ੍ਹਾਂ ਨੂੰ ਅਹਿਮੀਅਤ ਨਾ ਦਿੰਦੇ ਹੋਏ ਕੈਸ਼ ਡਿਸਕਾਊਂਟ ਨੂੰ ਪਹਿਲ ਦਿਓ। ਜੇ ਤੁਸੀਂ ਡਿਵੈਲਪਰ ਨਾਲ ਤਾਲਮੇਲ ਕਰ ਕੇ ਪ੍ਰਤੀ ਵਰਗ 50 ਤੋਂ 100 ਰੁਪਏ ਵੀ ਕੀਮਤ ਘੱਟ ਕਰਾ ਲੈਂਦੇ ਹੋ ਤਾਂ ਤੁਸੀਂ ਜ਼ਿਆਦਾ ਫ਼ਾਇਦੇ 'ਚ ਰਹੋਗੇ।

### ਜਲਦਬਾਜ਼ੀ 'ਚ ਨਾ ਕਰੋ ਫ਼ੈਸਲਾ

ਘਰ ਖ਼ਰੀਦਣਾ ਇਕ ਵੱਡਾ ਆਰਥਿਕ ਫ਼ੈਸਲਾ ਹੁੰਦਾ ਹੈ। ਇਸ ਲਈ ਇਸ ਫ਼ੈਸਲੇ ਨੂੰ ਕਦੇ ਵੀ ਜਲਦਬਾਜ਼ੀ 'ਚ ਨਾ ਲਓ। ਅੱਜ-ਕੱਲ੍ਹ ਹਰ ਕੋਈ ਇਕ ਤੋਂ ਵੱਧ ਕੇ ਇਕ ਵਧੀਆ ਵਿਗਿਆਪਨ ਦੇ ਰਿਹਾ ਹੈ। ਕਦੇ ਵੀ ਵਿਗਿਆਪਨ ਨੂੰ ਦੇਖ ਕੇ ਘਰ ਖ਼ਰੀਦਣ ਦਾ ਫ਼ੈਸਲਾ ਨਾ ਕਰੋ। ਵਾਲਿਆਂ ਨੂੰ ਇੱਧਰ-ਉੱਧਰ ਘੁੰਮਣ ਦੀ ਜ਼ਰੂਰਤ ਨਹੀ ਹੈ। ਪ੍ਰਾਪਰਟੀ ਨੂੰ ਨਿਵੇਸ਼ ਕਰਨ ਵਾਲਿਆਂ ਲਈ ਵੀ ਇਹ ਸੁਨਿਹਰੀ ਮੌਕਾ ਹੈ। ਇਸ ਲਈ ਇਸ ਸੌਗ਼ਾਤ ਦੀ ਵਧੀਆ ਵਰਤੋਂ ਕਰੋ।

### ਸੋਵਰੇਨ ਗੋਲਡ ਬਾਂਡ ਸਕੀਮ

*ਸਰਕਾਰ ਨੇ ਸੋਵਰੇਨ ਬਾਂਡ ਸਕੀਮ 'ਚ ਗੋਲਡ ਦੀ ਫਿਜ਼

# 2 ਘੰਟੇ ਦੀ ਭਾਰੀ ਬਰਸਾਤ ਕਾਰਨ ਜ਼ੀਰਕਪੁਰ 'ਚ ਬਣੇ ਹੜ੍ਹ ਵਰਗੇ ਹਾਲਾਤ

**ਜ਼ੀਰਕਪੁਰ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼ੁੱਕਰਵਾਰ ਸ਼ਾਮ ਨੂੰ 2 ਘੰਟਿਆਂ ਦੀ ਭਾਰੀ ਬਰਸਾਤ ਹੋਣ ਕਰਕੇ ਜ਼ੀਰਕਪੁਰ ਸ਼ਹਿਰ ਵਿੱਚ ਕਈ ਥਾਵਾਂ 'ਤੇ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ ਉਥੇ ਹੀ ਢਕੋਲੀ ਖੇਤਰ ਵਿੱਚ ਸਰਕਾਰੀ ਹਸਪਤਾਲ ਅਤੇ ਢਕੋਲੀ ਥਾਣੇ ਵਿਚ ਪਾਣੀ ਭਰ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਪਹਿਲਾਂ ਵੀ ਉਨ੍ਹਾਂ ਦਾ ਪਾਣੀ ਨਾਲ ਕਾਫੀ ਨੁਕਸਾਨ ਹੋਇਆ ਸੀ ਹੁਣ ਦੂਜੀ ਵਾਰ ਉਨ੍ਹਾਂ ਇਹ ਜੀਰੀ ਲਗਾਈ ਸੀ ਜੋ ਕੇ ਫਿਰ ਤੋਂ ਖਰਾਬ ਹੋ ਚੁਕੀ ਹੈ ਤੇ ਅਜੇ ਤੱਕ ਕਿਸੇ ਸਰਕਾਰੀ ਅਧਿਕਾਰੀ ਵਲੋਂ ਕੋਈ ਸਾਰ ਨਹੀਂ ਲਈ ਗਈ। ਉਥੇ ਹੀ ਭਾਰੀ ਬਰਸਾਤ ਕਾਰਨ ਸ਼ਹਿਰ ਦੇ ਵੱਖ-ਵੱਖ ਰਿਹਾਇਸ਼ੀ ਇਲਾਕਿਆਂ ਵਿੱਚ ਪਾਣੀ ਭਰ ਜਾਣ ਕਾਰਨ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਜੇ ਪਾਸੇ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਟਰੈਫਿਕ ਜਾਮ ਦੀ ਸਥਿਤੀ ਬਣੀ ਰਹੀ ਅਤੇ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪਿਆ। ਲੋਕਾਂ ਦਾ ਕਹਿਣਾ ਹੈ ਬੁੱਧਵਾਰ ਨੂੰ ਹੋਈ ਬਰਸਾਤ ਤੋਂ ਬਾਅਦ ਪਹਿਲਾ ਇਹ ਪਾਣੀ ਖੜਾ ਹੋਇਆ ਹੈ, ਜਿਸ ਨਾਲ ਬਿਮਾਰੀਆਂ ਫੈਲ ਰਹੀਆਂ ਹਨ। ਪ੍ਰਸ਼ਾਸਨ ਵਲੋਂ ਕੋਈ ਸਾਰ ਨਹੀਂ ਲਈ ਜਾ ਰਹੀ ਲੋਕਾ ਵਲੋਂ ਪ੍ਰਸ਼ਾਸਨ ਨੂੰ ਇਤਲਾਹ ਲਈ ਫੋਨ ਵੀ ਕੀਤੇ ਜਾ ਰਹੇ ਨੇ ਪਰ ਬਾਵਜੂਦ ਇਸਦੇ ਪ੍ਰਸ਼ਾਸਨ ਵਲੋਂ ਕੋਈ ਇੰਤਜ਼ਾਮ ਨਹੀਂ ਕੀਤਾ ਜਾ ਰਿਹਾ। ਪਟਿਆਲਾ ਚੌਂਕ 'ਤੇ ਫਲਾਈ ਓਵਰ ਹੇਠਾਂ ਹਮੇਸ਼ਾ ਦੀ ਤਰ੍ਹਾਂ ਸੜਕ 'ਤੇ ਪਾਣੀ ਭਰ ਗਿਆ। ਇਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਵੇਰੇ ਸਵਰੇ ਪਏ ਮੀਂਹ ਨੇ ਸ਼ਹਿਰ ਦੀ ਰਫ਼ਤਾਰ ਰੋਕ ਦਿੱਤੀ।

ਸ਼ਹਿਰ ਦੇ ਮੁੱਖ ਚੌਂਕ ਤੇ ਚੰਡੀਗੜ੍ਹ ਅੰਬਾਲਾ ਕੌਮੀ ਸ਼ਾਹਰਾਹ ਤੇ ਪਟਿਆਲਾ ਚੌਂਕ ਤੋਂ ਇਲਾਵਾ ਮੈਟਰੋ ਮੋੜ, ਸਿੰਘਪੁਰਾ ਚੌਂਕ ਅਤੇ ਕੌਮੀ ਸ਼ਾਹਰਾਹ ਤੇ ਬੱਸ ਅੱਡੇ ਵਾਲੀ ਥਾਂ ਤੇ 2-2 ਫੁੱਟ ਪਾਣੀ ਭਰ ਜਾਣ ਕਾਰਨ ਲੰਮਾ ਜਾਮ ਲੱਗ ਗਿਆ। ਸੜਕਾਂ 'ਤੇ ਪਾਣੀ ਭਰਨ ਕਾਰਨ ਵੱਡੀ ਗਿਣਤੀ 'ਚ ਵਾਹਨ ਪਾਣੀ 'ਚ ਫਸ ਕੇ ਬੰਦ ਹੋ ਗਏ। ਭਾਰੀ ਮੀਂਹ ਤੋਂ ਬਾਅਦ ਨੀਵੇਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਵੀ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਖਾਸ ਕਰਕੇ ਦੋ ਪਹੀਆ ਵਾਹਨ ਚਾਲਕਾਂ ਨੂੰ ਪਾਣੀ ਭਰਨ ਕਾਰਨ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਪਾਣੀ ਭਰਨ ਕਾਰਨ ਕਈ ਦੋਪਹੀਆ ਵਾਹਨ ਚਾਲਕਾਂ ਦੇ ਮੋਟਰਸਾਈਕਲ ਅਤੇ ਸਕੂਟਰ ਬੰਦ ਹੋ ਗਏ।

ਲੋਕਾਂ ਵੱਲੋਂ ਆਪਣੇ ਕੰਮਾਂ-ਕਾਰਾਂ 'ਤੇ ਜਾਣ ਮੌਕੇ ਅਕਸਰ ਟਰੈਫਿਕ ਜਾਮ ਰਹਿੰਦਾ ਹੈ ਪਰ ਫਲਾਈਓਵਰ ਹੇਠਾਂ ਪਾਣੀ ਭਰਨ ਕਰਕੇ ਵਾਹਨ ਘੰਟਿਆਂਬੱਧੀ ਸੜਕਾਂ 'ਤੇ ਜਾਮ ਵਿੱਚ ਫਸੇ ਦੇਖੇ ਗਏ। ਇਸ ਕਾਰਨ ਲੋਕਾਂ ਵੱਲੋਂ ਸਵੇਰ ਵੇਲੇ ਆਪਣੇ ਕੰਮ ਤੇ ਪੁੱਜਣ ਦੇ ਚੱਕਰ ਵਿੱਚ ਪਟਿਆਲਾ ਚੌਂਕ ਤੇ ਹਬੜਾ-ਦਬੜੀ ਵਾਲਾ ਮਾਹੌਲ ਰਿਹਾ ਅਤੇ ਵਾਹਨਾਂ ਦਾ ਘੜਮੱਸ ਮੱਚਣ ਕਰਕੇ ਮੁਸਾਫਿਰਾਂ ਨੂੰ ਘੰਟਿਆਂ ਬੱਧੀ ਦੇਰੀ ਸਹਿਣੀ ਪਈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਹਿਰ 'ਚੋਂ ਲੰਘਦੇ ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ 'ਤੇ ਪਾਣੀ ਭਰ ਜਾਣ ਕਾਰਨ ਪਟਿਆਲਾ, ਅੰਬਾਲਾ ਅਤੇ ਪੰਚਕੂਲਾ ਨੂੰ ਜਾਣ ਵਾਲੀਆਂ ਸੜਕਾਂ 'ਤੇ ਜਾਮ ਲੱਗ ਗਿਆ। ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਵਾਹਨ ਚਾਲਕਾਂ ਨੂੰ ਕਾਫੀ ਪ੍ਰੇਸ਼ਾਨੀ ਹੋਈ ਅਤੇ ਜਲਦੀ ਹੀ ਫਲਾਈਓਵਰ ਦੇ ਉੱਪਰ ਅਤੇ ਹੇਠਾਂ ਦੀਆਂ ਸੜਕਾਂ ਜਾਮ ਹੋ ਗਈਆਂ।

# ਬਾਬਾ ਸ਼੍ਰੀ ਚੰਦ ਜੀ ਦੇ ਜਨਮ ਦਿਹਾੜੇ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੀ ਲੜੀ ਆਰੰਭ

**ਕੀਰਤਪੁਰ ਸਾਹਿਬ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ਼੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਲੈ ਕੇ ਉਹਨਾਂ ਦੇ ਇਤਿਹਾਸਿਕ ਸਥਾਨ ਗੁਰਦੁਆਰਾ ਥੜਾ ਸਾਹਿਬ ਡੇਰਾ ਬਾਬਾ ਸ਼੍ਰੀ ਚੰਦ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 20 ਪਾਠਾਂ ਦੀ ਲੜੀ ਬੜੀ ਹੀ ਸ਼ਰਧਾ ਭਾਵਨਾ ਦੇ ਨਾਲ ਆਰੰਭ ਕੀਤੀ ਗਈ

ਇਸ ਦੌਰਾਨ ਮੁੱਖ ਸੇਵਾਦਾਰ ਬਾਬਾ ਹਰਦੀਪ ਸਿੰਘ ਫੌਜੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸ਼੍ਰੀ ਚੰਦ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਜਾਵੇਗਾ

12 ਸਤੰਬਰ ਨੂੰ ਉਹਨਾਂ ਦਾ ਜਨਮ ਦਿਹਾੜਾ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਸੰਤਾਂ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਦੇ ਨਾਲ ਸਮੁੱਚੇ ਪੰਜਾਬ ਅਤੇ ਦੇਸ਼ ਵਿਦੇਸ਼ ਦੀ ਸੰਗਤ ਵੱਲੋਂ ਧੂਮ ਧਾਮ ਨਾਲ ਮਨਾਇਆ ਜਾਣਾ ਹੈ ਜਿਸ ਨੂੰ ਲੈ ਕੇ ਇਸ ਇਤਿਹਾਸਿਕ ਅਸਥਾਨ ਉੱਤੇ ਰੌਣਕਾਂ ਸ਼ੁਰੂ ਹੋ ਗਈਆਂ ਹਨ ਅੱਜ ਬੜੀ ਹੀ ਸ਼ਰਧਾ ਭਾਵਨਾ ਦੇ ਨਾਲ 20 ਸ੍ਰੀ ਅਖੰਡ ਪਾਠ ਜੀ ਦੇ ਪਾਠਾਂ ਦੀ ਲੜੀ ਆਰੰਭ ਕੀਤੀ ਗਈ ਹੈ

ਜਿਸ ਦੇ ਭੋਗ ਦੋ ਦਿਨ ਬਾਅਦ ਪਾਏ ਜਾਣੇ ਹਨ ਉਸ ਤੋਂ ਬਾਅਦ ਅਗਲੀ ਲੜੀ ਦੀ ਆਰੰਭਤਾ ਹੋਵੇਗੀ ਅੰਤ ਵਿੱਚ 12 ਸਤੰਬਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗਾਂ ਤੋਂ ਬਾਅਦ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਇਲਾਹੀ ਬਾਣੀ ਅਤੇ ਸ਼ਬਦ ਕੀਰਤਨ ਹੋਵੇਗਾ ਵੱਡੀ ਗਿਣਤੀ ਦੇ ਵਿੱਚ ਪੰਜਾਬ ਦੇ ਕੋਨੇ ਕੋਨੇ ਅਤੇ ਦੇਸ਼ ਵਿਦੇਸ਼ ਤੋਂ ਜਿੱਥੇ ਸੰਤ ਮਹਾਂਪੁਰਸ਼ ਇਸ ਸੁਭਾਗੀ ਘੜੀ ਦੇ ਵਿੱਚ ਆ ਕੇ ਪਹੁੰਚਣਗੇ

ਉੱਥੇ ਹੀ ਸੰਗਤਾਂ ਦੇਸ਼ ਵਿਦੇਸ਼ ਤੋਂ ਇਸ ਇਤਿਹਾਸਿਕ ਸਥਾਨ ਤੇ ਨਤਮਸਤਕ ਹੋ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੀਆਂ, ਇਸ ਮੌਕੇ ਖਾਸ ਤੌਰ ਕੁਲਵੰਤ ਸਿੰਘ ਸਮਾਣਾ ਵਲੋਂ ਬਾਬਾ ਜੀ ਦੇ ਦਰਬਾਰ ਨੂੰ ਖਾਸ ਤੌਰ ਤੇ ਲਾਈਟਾਂ ਦੇ ਨਾਲ ਸਜਾਉਣ ਦੀ ਸੇਵਾ ਕਰਨਗੇ ਇਸ ਦੌਰਾਨ ਗੁਰਮੀਤ ਸਿੰਘ ਲੱਖੋਵਾਲ,ਮੁਖਤਿਆਰ ਸਿੰਘ ਆਦਿ ਮੌਜੂਦ ਸਨ

# ਸ਼ੰਭੂ ਬੈਰੀਅਰ ਬੰਦ ਹੋਣ ਕਾਰਨ ਜ਼ੀਰਕਪੁਰ 'ਚ ਪੀ. ਆਰ 7 ਸੜਕ ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ



**ਜ਼ੀਰਕਪੁਰ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਬੈਰੀਅਰ ਦੇ ਬੰਦ ਹੋਣ ਕਾਰਨ ਜ਼ੀਰਕਪੁਰ ਸ਼ਹਿਰ ਵਿੱਚ ਆਵਾਜਾਈ ਦੀ ਸਮੱਸਿਆ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਅਹਿਮ ਮਾਰਗ ਦੇ ਬੰਦ ਹੋਣ ਨਾਲ ਹੁਣ ਵਾਹਨਾਂ ਨੂੰ ਅੰਬਾਲਾ ਪਹੁੰਚਣ ਲਈ ਜ਼ੀਰਕਪੁਰ ਦੀ ਪੀ.ਆਰ.7 ਰੋਡ ਦਾ ਸਹਾਰਾ ਲੈਣਾ ਪੈ ਰਿਹਾ ਹੈ, ਜਿਸ ਕਾਰਨ ਸੜਕ 'ਤੇ ਦਾਖਲ ਹੋਣ ਤੋਂ ਪਹਿਲਾਂ ਹੀ ਵੱਡੇ ਟੋਏ ਕਾਰਨ ਰੋਜ਼ਾਨਾ ਆਵਾਜਾਈ ਜਾਮ ਹੋ ਜਾਂਦੀ ਹੈ। ਸ਼ੁੱਕਰਵਾਰ ਸ਼ਾਮ ਨੂੰ ਸਥਿਤੀ ਉਦੋਂ ਵਿਗੜ ਗਈ ਜਦੋਂ ਭਾਰੀ ਮੀਂਹ ਨੇ ਬਲਦੀ ਵਿੱਚ ਤੇਲ ਦਾ ਕੰਮ ਕਰ ਦਿੱਤਾ, ਜਿਸ ਨਾਲ ਪੀ.ਆਰ.7 ਰੋਡ 'ਤੇ ਆਵਾਜਾਈ ਰੁਕਾਵਟ ਪੈਦਾ ਹੋ ਗਈ ਅਤੇ ਲੰਬੀਆਂ-ਲੰਬੀਆਂ ਕਤਾਰਾਂ ਲੱਗ ਗਈਆਂ।

ਅੰਬਾਲਾ ਸੜਕ ਨੂੰ ਜੋੜਨ ਵਾਲੇ ਸ਼ੰਭੂ ਬੈਰੀਅਰ ਦੇ ਬੰਦ ਹੋਣ ਕਾਰਨ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਹੋਈ ਹੈ। ਪੀ.ਆਰ.7 ਰੋਡ, ਜੋ ਕਿ ਪਹਿਲਾਂ ਸਿਰਫ ਕੁਝ ਵਾਹਨਾਂ ਵੱਲੋਂ ਹੀ ਵਰਤੀ ਜਾਂਦੀ ਸੀ, ਹੁਣ ਟ੍ਰੈਫਿਕ ਵਿੱਚ ਮਹੱਤਵਪੂਰਨ ਵਾਧਾ ਦੇਖ ਰਹੀ ਹੈ। ਇਸ ਦੇ ਨਤੀਜੇ ਵਜੋਂ ਲੰਬੇ ਸਫ਼ਰ ਦੇ ਸਮੇਂ ਅਤੇ ਡਰਾਈਵਰਾਂ ਲਈ ਨਿਰਾਸ਼ਾ ਪੈਦਾ ਹੋਈ ਹੈ ਜੋ ਭੀੜ-ਭੜੱਕੇ ਵਾਲੀ ਸੜਕ ਤੋਂ ਲੰਘਣ ਲਈ ਮਜਬੂਰ ਹਨ। ਸ਼ੁੱਕਰਵਾਰ ਸ਼ਾਮ ਨੂੰ ਸਥਿਤੀ ਉਸ ਸਮੇਂ ਵਿਗੜ ਗਈ ਜਦੋਂ ਦੋ ਘੰਟੇ ਦੀ ਤੇਜ਼ ਬਾਰਿਸ਼ ਕਾਰਨ ਅੰਬਾਲਾ ਰੋਡ 'ਤੇ ਪਾਣੀ ਭਰ ਗਿਆ, ਜਿਸ ਨਾਲ ਆਵਾਜਾਈ ਜਾਮ ਹੋ ਗਈ। ਇਸ ਨਾਲ ਪਹਿਲਾਂ ਤੋਂ ਮੌਜੂਦ ਸੜਕ ਵਚਾਲੇ ਟੋਏ ਕਾਰਨ ਪੀ.ਆਰ 7 ਸੜਕ ਤੇ ਕਈ ਘੰਟਿਆਂ ਤੱਕ ਭਾਰੀ ਟ੍ਰੈਫਿਕ ਜਾਮ ਲੱਗ ਗਿਆ।ਸਥਿਤੀ ਇੰਨੀ ਗੰਭੀਰ ਸੀ ਕਿ ਬਾਰਸ਼ ਰੁਕਣ ਤੋਂ ਬਾਅਦ ਵੀ ਆਵਾਜਾਈ ਨੂੰ ਸੁਚਾਰੂ ਹੋਣ ਵਿਚ ਕਈ ਘੰਟੇ ਲੱਗ ਗਏ। ਸਥਾਨਕ ਵਸਨੀਕਾਂ ਨੇ ਅਧਿਕਾਰੀਆਂ ਨੂੰ ਟੋਇਆਂ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਕਰਨ ਅਤੇ ਟਰੈਫਿਕ ਜਾਮ ਨੂੰ ਦੂਰ ਕਰਨ ਲਈ ਪੀ.ਆਰ.7 ਰੋਡ ਦੀ ਹਾਲਤ ਸੁਧਾਰਨ ਦੀ ਅਪੀਲ ਕੀਤੀ ਗਈ ਹੈ।

# ਪਤਾਲਪੁਰੀ ਚੌਂਕ 'ਚ ਆਕਸੀਜਨ ਗੈਸ ਦੇ ਸਿਲੰਡਰਾਂ ਨਾਲ ਲੱਦਿਆ ਕੈਂਟਰ ਪਲਟਿਆ

**ਕੀਰਤਪੁਰ ਸਾਹਿਬ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਧਾਰਮਿਕ ਨਗਰੀ ਕੀਰਤਪੁਰ ਸਾਹਿਬ ਵਿੱਚ ਅੱਜ ਸਵੇਰੇ ਤੜਕਸਾਰ ਇੱਕ ਭਿਆਨਕ ਸੜਕ ਹਾਦਸਾ ਵਾਪਰ ਗਿਆ ਜਿਸ ਦੌਰਾਨ ਦਿੱਲੀ ਤੋਂ ਨੰਗਲ ਦੇ ਲਈ ਗੈਸ ਸਿਲੰਡਰ ਲੈ ਕੇ ਜਾ ਰਿਹਾ ਇੱਕ ਕੈਂਟਰ ਬੇਕਾਬੂ ਹੋ ਕੇ ਪਲਟ ਗਿਆ, ਇਸ ਦੌਰਾਨ ਜਿੱਥੇ ਕੈਂਟਰ ਚਾਲਕ ਇਸ ਕੈਂਟਰ ਦੇ ਵਿੱਚ ਫਸ ਗਿਆ ਉਥੇ ਨਾਲ ਹੀ ਇਸ ਕੈਂਟਰ ਦੇ ਵਿੱਚ ਲੱਦੇ ਹੋਏ ਸਿਲਿੰਡਰਾਂ ਨੂੰ ਅੱਗ ਮੱਚ ਗਈ ਜਿਸ ਵਿੱਚ ਆਕਸੀਜਨ ਗੈਸ ਸੀ ਮੌਕੇ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ ਕਿਉਂਕਿ ਅੱਗ ਲਗਾਤਾਰ ਵੱਧ ਰਹੀ ਸੀ ਜਿਸ ਤੋਂ ਬਾਅਦ ਰੂਪਨਗਰ ਨੰਗਲ ਅਤੇ ਨੇੜਲੀ ਫੈਕਟਰੀ ਅਲਟਰੈਕ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ ਤੇ ਪਹੁੰਚ ਗਈਆਂ ਅਤੇ ਪੁਲਿਸ ਪ੍ਰਸ਼ਾਸਨ ਦੇ ਨਾਲ ਮਿਲ ਕੇ ਆਮ ਲੋਕਾਂ ਨੇ ਬੜੀ ਮਸ਼ੱਕਤ ਦੇ ਨਾਲ ਪਹਿਲਾਂ ਤਾਂ ਕੈਂਟਰ ਚਾਲਕ ਨੂੰ ਬਾਹਰ ਕੱਢਿਆ ਅਤੇ ਹਸਪਤਾਲ ਭੇਜਿਆ ਦੂਜੇ ਪਾਸੇ ਨੂੰ ਮਚੀ ਹੋਈ ਅੱਗ ਤੇ ਕਾਬੂ ਪਾਇਆ ਗਿਆ, ਮੌਕੇ ਤੇ ਪਹੁੰਚੇ ਲੋਕਾਂ ਨੇ ਦੱਸਿਆ ਕਿ ਤੜਕਸਾਰ ਹੋਏ ਹਾਦਸੇ ਤੋਂ ਬਾਅਦ ਅੱਗ ਲੱਗਣ ਅਤੇ ਸਿਲਿੰਡਰਾਂ ਦੇ ਫਟਣੇ ਦਾ ਖਤਰਾ ਲਗਾਤਾਰ ਬਣਿਆ ਹੋਇਆ ਸੀ ਜਿਸ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ ਤੇ ਪਹੁੰਚੀਆਂ ਹਨ ਰਾਹਗੀਰਾਂ ਦੀ ਮਦਦ ਦੇ ਨਾਲ ਪਲਟੇ ਹੋਏ ਕੈਂਟਰ ਨੂੰ ਉੱਪਰ ਚੁੱਕ ਕੇ ਡਰਾਈਵਰ ਨੂੰ ਹੇਠਾਂ ਤੋਂ ਬੜੀ ਮਸ਼ੱਕਤ ਦੇ ਨਾਲ ਕੱਢਿਆ ਗਿਆ ਹੈ ਜਿਸ ਦੀ ਲੱਤ ਉੱਤੇ ਗੰਭੀਰ ਸੱਟ ਲੱਗੀ ਹੈ ਉਸ ਨੂੰ ਹਸਪਤਾਲ ਦੇ ਲਈ ਭੇਜਿਆ ਗਿਆ ਹੈ ਉਸ ਦੀ ਪਹਿਚਾਣ ਗਿਰੀਸ਼ ਦੁਬੇ ਪੁੱਤਰ ਕੈਲਾਸ਼ ਦੁਬੇ ਨਿਵਾਸੀ ਪ੍ਰਤਾਪਗੜ੍ਹ ਉੱਤਰ ਪ੍ਰਦੇਸ਼ ਜੋ ਕਿ ਦਿੱਲੀ ਤੋਂ ਨੰਗਲ ਦੀ ਇੱਕ ਫੈਕਟਰੀ ਦੇ ਵਿੱਚ ਆਕਸੀਜਨ ਦੇ ਸਿਲੰਡਰ ਲੈ ਕੇ ਜਾ ਰਿਹਾ ਸੀ ਫਿਲਹਾਲ ਇਹਨਾਂ ਸਲਡਰਾਂ ਦੇ ਵਿੱਚ ਗੈਸ ਨਾ ਮਾਤਰ ਸੀ ਲੇਕਿਨ ਫਿਰ ਵੀ ਗੈਸ ਦੀ ਲੀਕਜ ਕਾਰਨ ਅੱਗ ਲੱਗ ਗਈ ਸੀ

# ਡਾ. ਸਤਵਿੰਦਰ ਭਗਤ ਨੇ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਡਾ: ਜਤਿੰਦਰ ਸਿੰਘ ਗਿੱਲ ਨੇ ਸਹਾਇਕ ਸਿਵਲ ਸਰਜਨ ਵਜੋਂ ਸੰਭਾਲਿਆ ਅਹੁਦਾ

ਡਿਪਟੀ ਮੈਡੀਕਲ ਕਮਿਸ਼ਨਰ ਡਾ: ਸਤਵਿੰਦਰ ਭਗਤ ਅਤੇ ਸਹਾਇਕ ਸਿਵਲ ਸਰਜਨ ਡਾ: ਜਤਿੰਦਰ ਸਿੰਘ ਗਿੱਲ ਨੂੰ ਅਹੁਦਾ ਸੰਭਾਲਣ ਤੇ ਵਧਾਈ ਦਿੰਦੇ ਹੋਏ ਸਿਵਲ ਸਰਜਨ ਡਾ: ਗੁਰਪ੍ਰੀਤ ਸਿੰਘ ਨਾਲ ਹਨ ਹੋਰ ਸਿਹਤ ਅਧਿਕਾਰੀ।

**ਤਰਨ ਤਾਰਨ, 10 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਸਿਵਲ ਸਰਜਨ ਤਰਨ ਤਾਰਨ ਵਿਖੇ ਡਾ. ਸਤਵਿੰਦਰ ਭਗਤ ਨੇ ਡਿਪਟੀ ਮੈਡੀਕਲ ਕਮਿਸ਼ਨਰ (ਕਾਰਜਕਾਰੀ) ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਇਲਾਵਾ ਸੀਨੀਅਰ ਮੈਡੀਕਲ ਅਫ਼ਸਰ ਸਰਹਾਲੀ ਡਾ: ਜਤਿੰਦਰ ਸਿੰਘ ਗਿੱਲ ਨੇ ਸਹਾਇਕ ਸਿਵਲ ਸਰਜਨ (ਕਾਰਜਕਾਰੀ) ਵਜੋਂ ਅਹੁਦਾ ਸੰਭਾਲਿਆ।ਇਸ ਮੌਕੇ ਸਿਵਲ ਸਰਜਨ ਡਾ: ਗੁਰਪ੍ਰੀਤ ਸਿੰਘ ਵੱਲੋਂ ਉਨ੍ਹਾਂ ਨੂੰ ਅਹੁਦਾ ਸੰਭਾਲਣ ▼ਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਆਪਣਾ ਕੰਮ ਇਮਾਨਦਾਰੀ ਅਤੇ ਲਗਨ ਨਾਲ ਕਰਨ।

ਇਸ ਮੌਕੇ ਡਾ: ਭਗਤ ਨੇ ਡੀ.ਐਮ.ਸੀ. ਦਾ ਅਹੁਦਾ ਸੰਭਾਲਣ ਮੌਕੇ ਕਿਹਾ ਕਿ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਨੂੰ ਲਾਭਪਾਤਰੀਆਂ ਤੱਕ ਇੰਨ-ਬਿੰਨ ਲਾਗੂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਜ਼ਿਲ੍ਹੇ ਵਿਚ 30 ਆਮ ਆਦਮੀ ਕਲੀਨਿਕ ਸਫ਼ਲਤਾਪੂਰਵਕ ਚੱਲ ਰਹੇ ਹਨ, ਜਿਥੇ ਕਲੀਨਿਕਾਂ ਦੇ ਸਟਾਫ ਵੱਲੋਂ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਬੀਮਾ ਕਾਰਡਧਾਰਕ ਲੋਕ ਵੀ ਇਸ ਬੀਮੇ ਦਾ ਫਾਇਦਾ ਲੈ ਕੇ ਆਪਣਾ ਇਲਾਜ ਕਰਵਾ ਰਹੇ ਹਨ।

ਇਸ ਤੋਂ ਇਲਾਵਾ ਸਹਾਇਕ ਸਿਵਲ ਸਰਜਨ (ਕਾਰਜਕਾਰੀ) ਡਾ: ਜਤਿੰਦਰ ਸਿੰਘ ਗਿੱਲ ਨੇ ਕਿਹਾ ਕਿ ਉਹ ਬਹੁਤ ਹੀ ਵਡਭਾਗੇ ਹਨ, ਜਿੰਨਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਗਰੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਆਪਣੇ ਕੰਮ ਦਫਤਰ ਵਿਚ ਆਉਣ ਵਾਲੇ ਲੋਕਾਂ ਨੂੰ ਬਿਨਾਂ ਕਿਸੇ ਖੱਜਲ ਖੁਆਰੀ ਦੇ ਉਨ੍ਹਾਂ ਦੇ ਕੰਮ ਪਹਿਲ ਦੇ ਅਧਾਰ ▼ਤੇ ਕਰਵਾਏ ਜਾਣਗੇ ਅਤੇ ਸਿਹਤ ਸਹੂਲਤਾਂ ਨੂੰ 

# ਵਾਇਰਲ ਬੁਖ਼ਾਰ ਦੇ ਲੱਛਣ ਤੇ ਰੋਕਥਾਮ

**ਲੱਛਣ :** ਅੱਖਾਂ 'ਚ ਲਾਲੀ ਆ ਜਾਣਾ, ਸਰੀਰ ਦਾ ਤਾਪਮਾਨ 101 ਡਿਗਰੀ ਫਰਨਹੀਟ ਜਾਂ ਇਸ ਤੋਂ ਵੀ ਜ਼ਿਆਦਾ ਹੋ ਸਕਦਾ ਹੈ, ਖਾਂਸੀ ਤੇ ਜ਼ੁਕਾਮ ਹੋਣਾ, ਜੋੜਾਂ 'ਚ ਦਰਦ ਤੇ ਸੋਜ਼ ਪੈਣੀ, ਥਕਾਵਟ ਤੇ ਗਲੇ 'ਚ ਦਰਦ ਰਹਿਣਾ, ਭੁੱਖ ਨਾ ਲੱਗਣਾ, ਸੌਣ ਤੋਂ ਬਾਅਦ ਉਠਣ ਲੱਗਿਆਂ ਕਮਜ਼ੋਰੀ ਮਹਿਸੂਸ ਹੋਣੀ, ਸਿਰ ਦਰਦ ਹੋਣਾ।

ਵਾਇਰਲ ਬੁਖ਼ਾਰ ਕਿਸੇ ਵੀ ਵਾਇਰਸ ਨਾਲ ਸਾਡੇ ਸਰੀਰ ਅੰਦਰ ਦਾਖ਼ਲ ਹੋ ਸਕਦਾ ਹੈ। ਵਾਇਰਲ ਬੁਖ਼ਾਰ ਦੀ ਮੁੱਢਲੀ ਅਲਾਮਤ ਇਹ ਹੈ ਕਿ ਇਹ ਗਲੇ ਤੋਂ ਜ਼ਿਆਦਾ ਪਕੜ ਕਰਦਾ ਹੈ। ਠੰਢੀਆਂ ਚੀਜ਼ਾਂ, ਫਰਿੱਜ਼ ਦਾ ਪਾਣੀ ਪੀਣ ਨਾਲ ਗਲੇ ਦੀ ਖ਼ਰਾਬੀ ਵੀ ਵੱਧ ਜਾਂਦੀ ਹੈ ਅਤੇ ਇਸ ਨਾਲ ਬੁਖ਼ਾਰ ਵੱਧ ਜਾਂਦਾ ਹੈ। ਇਸ ਲਈ ਵਾਇਰਲ ਬੁਖ਼ਾਰ ਹੋਣ 'ਤੇ ਠੰਢੇ ਪਾਣੀ ਦੀ ਥਾਂ ਉਬਾਲਣ ਤੋਂ ਬਾਅਦ ਸਾਧਾਰਨ ਤਾਪਮਾਨ ਵਾਲਾ ਪਾਣੀ ਹੀ ਪੀਵੋ। ਇਹ ਬੁਖ਼ਾਰ ਇਕ ਵਿਅਕਤੀ ਤੋਂ ਦੂਸਰੇ ਵਿਆਕਤੀ ਤਕ ਬਹੁਤ ਤੇਜ਼ੀ ਨਾਲ ਫੈਲਦਾ ਹੈ। ਇਸ ਦੇ ਵਿਸ਼ਾਣੂ ਸਾਹ ਰਾਹੀਂ ਇਕ ਦੂਸਰੇ 'ਚ ਚਲੇ ਜਾਂਦੇ ਹਨ। ਫੈਲਣ ਤੋਂ ਬਾਅਦ ਇਹ ਇਕ ਦੋ ਦਿਨ ਬਾਅਦ ਜਾਂ ਕੁੱਝ ਘੰਟਿਆਂ ਬਾਅਦ ਹੀ ਆਪਣਾ ਅਸਰ ਵਿਖਾ ਸਕਦਾ ਹੈ।

### ਬੱਚਿਆਂ 'ਚ ਵਾਇਰਲ ਬੁਖ਼ਾਰ

ਬੱਚਿਆਂ ਅੰਦਰ ਬਿਮਾਰੀਆਂ ਨਾਲ ਲੜਨ ਸ਼ਕਤੀ ਦੀ ਘਾਟ ਹੋਣ ਕਾਰਨ ਉਹ ਬਹੁਤ ਜਲਦੀ ਵਾਇਰਲ ਬੁਖ਼ਾਰ ਦੇ ਸ਼ਿਕਾਰ ਹੋ ਸਕਦੇ ਹਨ। ਜੇ ਘਰ ਵਿਚ ਕਿਸੇ ਨੂੰ ਵਾਇਰਲ ਬੁਖ਼ਾਰ ਹੈ ਤਾਂ ਉਸ ਤੋਂ ਛੋਟੇ ਬੱਚਿਆਂ ਨੂੰ ਦੂਰ ਰੱਖੋ। ਇਸ ਬੁਖ਼ਾਰ ਨਾਲ ਉਲਟੀਆਂ ਤੇ ਦਸਤ ਵਰਗੀਆਂ ਸਮੱਸਿਆਵਾਂ ਆ ਸਕਦੀਆਂ ਹਨ। ਇਸ ਤੋਂ ਇਲਾਵਾ ਬੱਚਿਆਂ ਨੂੰ ਨਿਊਮੋਨੀਆ ਵੀ ਹੋ ਸਕਦਾ ਹੈ। ਜੇ ਬੱਚੇ ਨੂੰ ਖਾਂਸੀ ਦੀ ਸਮੱਸਿਆ ਵਾਇਰਲ ਹੋ ਰਹੀ ਹੈ ਤਾਂ ਤੁਰੰਤ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ।

### ਇਲਾਜ

ਜੇ ਬੁਖ਼ਾਰ 102 ਡਿਗਰੀ ਤਕ ਹੈ ਤੇ ਕੋਈ ਹੋਰ ਖ਼ਤਰਨਾਕ ਲੱਛਣ ਨਹੀਂ ਹੈ ਤਾਂ ਮਰੀਜ਼ ਦੀ ਘਰ ਵਿਚ ਹੀ ਦੇਖਭਾਲ ਕੀਤੀ ਜਾ ਸਕਦੀ ਹੈ। ਮਰੀਜ਼ ਦੇ ਮੱਥੇ ਉੱਪਰ ਸਾਦੇ ਪਾਣੀ ਦੀਆਂ ਪੱਟੀਆਂ ਰੱਖੋ। ਪੱਟੀਆਂ ਉਦੋਂ ਤਕ ਰੱਖਣੀਆਂ ਚਾਹੀਦੀਆਂ ਹਨ ਜਦ ਤਕ ਸਰੀਰ ਦਾ ਤਾਪਮਾਨ ਘੱਟ ਨਹੀਂ ਹੋ ਜਾਂਦਾ। ਪੱਟੀ ਰੱਖਣ ਤੋਂ ਬਾਅਦ ਉਹ ਗਰਮ ਹੋ ਜਾਂਦੀ ਹੈ ਇਸ ਲਈ ਉਸ ਨੂੰ ਇਕ ਮਿੰਟ ਬਾਅਦ ਬਦਲ ਦੇਵੋ। ਮਰੀਜ਼ ਨੂੰ ਹਰ ਛੇ ਘੰਟੇ ਬਾਅਦ ਪੈਰਾਸਿਟਾਮੋਲ ਦੀ ਇਕ ਗੋਲੀ ਦੇ ਸਕਦੇ ਹੋ। ਕੋਈ ਦੂਸਰੀ ਗੋਲੀ ਡਾਕਟਰ ਦੀ ਸਲਾਹ ਤੋਂ ਬਿਨਾ ਨਹੀਂ ਦੇਣੀ ਚਾਹੀਦੀ। ਜੇ ਦੋ ਦਿਨ ਤਕ ਬੁਖ਼ਾਰ ਠੀਕ ਨਹੀਂ ਹੁੰਦਾ ਤਾਂ ਮਰੀਜ਼ ਨੂੰ ਤੁਰੰਤ ਡਾਕਟਰ ਕੋਲ ਜਾਣਾ ਚਾਹੀਦਾ ਹੈ। ਸਾਫ਼-ਸਫ਼ਾਈ ਦਾ ਪੂਰਾ ਧਿਆਨ ਰੱਖੋ। ਰੋਗੀ ਦੇ ਦੁਆਰਾ ਇਸਤੇਮਾਲ ਕੀਤੀਆਂ ਗਈਆਂ ਚੀਜ਼ਾਂ ਦਾ ਇਸਤੇਮਾਲ ਨਾ ਕਰੋ। ਮਰੀਜ਼ ਨੂੰ ਛਿੱਕ ਮਾਰਨ ਤੋਂ ਪਹਿਲਾਂ ਆਪਣੇ ਮੂੰਹ ਨੂੰ ਰੁਮਾਲ ਨਾਲ ਢੱਕ ਲੈਣਾ ਚਾਹੀਦਾ ਹੈ ਤਾਂ ਕਿ ਹਵਾ ਜ਼ਰੀਏ ਉਸ ਦੇ ਥੁੱਕ ਜਾਂ ਸਾਹ ਨਾਲ ਨਿਕਲੇ ਵਾਇਰਲ ਬੁਖ਼ਾਰ ਦੇ ਵਿਸ਼ਾਣੂ ਤੰਦਰੁਸਤ ਵਿਅਕਤੀ ਤਕ ਨਾਲ ਫ਼ੈਲਣ। ਵਾਇਰਲ ਬੁਖ਼ਾਰ ਦੇ ਮਰੀਜ਼ ਨੂੰ ਗੁਲੂਕੋਜ ਤੇ ਇਲੈਕਟ੍ਰੋਲਾਈਟ ਜ਼ਰੂਰ ਲੈਣਾ ਚਾਹੀਦਾ ਹੈ।

• ਫੀਚਰ ਡੈਸਕ

# ਪਿਸ਼ਾਬ ਦੇ ਰੰਗ ਤੋਂ ਬਿਮਾਰੀਆਂ ਦੇ ਸੰਕੇਤ

ਪਿਸ਼ਾਬ ਜ਼ਰੀਏ ਸਰੀਰ ਵਿੱਚੋਂ ਕਈ ਜ਼ਹਿਰੀਲੇ ਪਦਾਰਥ ਬਾਹਰ ਨਿਕਲਦੇ ਹਨ। ਸਰੀਰ ਤੋਂ ਪਿਸ਼ਾਬ ਜ਼ਰੀਏ ਜ਼ਹਿਰੀਲੇ ਮਾਦੇ ਨੂੰ ਖਾਰਜ ਕਰਨ ਵਾਲੀ ਇਸ ਪ੍ਰਣਾਲੀ ਨੂੰ 'ਰੀਨਲ ਪੋਰਟਲ ਸਿਸਟਮ' ਆਖਦੇ ਹਨ। ਇਸ ਵਿਚ ਗੁਰਦੇ ਸਾਡੇ ਸਰੀਰ ਵਿੱਚੋਂ ਜ਼ਹਿਰੀਲੇ ਮਾਦੇ ਨੂੰ ਸਾਫ਼ ਕਰ ਕੇ ਪਿਸ਼ਾਬ ਜ਼ਰੀਏ ਖਾਰਜ ਕਰਨ ਦੀ ਪ੍ਰਕਿਰਿਆ 'ਚ ਅਹਿਮ ਰੋਲ ਨਿਭਾਉਂਦੇ ਹਨ। ਇਹ ਪ੍ਰਣਾਲੀ ਸਰੀਰ 'ਚ ਤਰਲ ਪਦਾਰਥਾਂ ਦੀ ਮਾਤਰਾ ਨੂੰ ਸੰਤੁਲਿਤ ਰੱਖਦੀ ਹੈ। ਪਿਸ਼ਾਬ ਦਾ ਬਦਲਿਆ ਹੋਇਆ ਰੰਗ ਸਰੀਰ ਅੰਦਰ ਵਧੇ ਜਾਂ ਘਟੇ ਹੋਏ ਤੱਤਾਂ ਅਤੇ ਬਿਮਾਰੀਆਂ ਦਾ ਸੰਕੇਤ ਵੀ ਦਿੰਦੇ ਹਨ। ਆਓ, ਜਾਣਦੇ ਹਾਂ ਕਿ ਪਿਸ਼ਾਬ ਦੇ ਵੱਖ-ਵੱਖ ਰੰਗ ਕਿਹੜੀ-ਕਿਹੜੀ ਬਿਮਾਰੀ ਦੇ ਸੰਕੇਤ ਹੋ ਸਕਦੇ ਹਨ।

### ਸਫ਼ੈਦ

ਪਿਸ਼ਾਬ ਦਾ ਸਫ਼ੈਦ ਅਤੇ ਪਾਰਦਰਸ਼ੀ ਰੰਗ ਇਸ ਗੱਲ ਦਾ ਸੰਕੇਤ ਹੈ ਕਿ ਅਸੀਂ ਜ਼ਿਆਦਾ ਮਾਤਰਾ ਵਿਚ ਪੀਣਯੋਗ ਪਦਾਰਥਾਂ ਦੀ ਵਰਤੋਂ ਕਰ ਰਹੇ ਹਾਂ। ਸਫ਼ੈਦ ਅਤੇ ਪਾਰਦਰਸ਼ੀ ਰੰਗ ਅੰਦਰੂਨੀ ਤੌਰ 'ਤੇ ਸਾਡੇ ਸਿਹਤਮੰਦ ਹੋਣ ਦਾ ਸੰਕੇਤ ਹੈ। ਇਸ ਲਈ ਦਿਨ 'ਚ 6 ਤੋਂ 8 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ।

### ਮਟਮੈਲਾ ਸਫ਼ੈਦ

ਜੇ ਪਿਸ਼ਾਬ ਦਾ ਰੰਗ ਮਟਮੈਲਾ ਸਫ਼ੈਦ ਹੈ ਅਤੇ ਇਸ ਦੇ ਨਾਲ-ਨਾਲ ਪਿਸ਼ਾਬ ਕਰਦੇ ਸਮੇਂ ਦਰਦ ਵੀ ਮਹਿਸੂਸ ਹੁੰਦੀ ਹੋਵੇ ਤਾਂ ਇਹ ਪਿਸ਼ਾਬ ਨਾਲੀ (ਯੂਰੇਥਰਾ) 'ਚ ਇਨਫੈਕਸ਼ਨ ਜਾਂ ਗੁਰਦੇ ਦੀ ਪੱਥਰੀ ਦਾ ਸੰਕੇਤ ਹੋ ਸਕਦਾ ਹੈ।

### ਚਮਕਦਾਰ ਪੀਲਾ

ਜੇ ਤੁਸੀਂ ਵਿਟਾਮਿਨਜ਼ ਦੀ ਵਰਤੋਂ ਕਰ ਰਹੇ ਹੋ ਤਾਂ ਇਸ ਨਾਲ ਪਿਸ਼ਾਬ ਦਾ ਰੰਗ ਚਮਕੀਲਾ ਪੀਲਾ ਹੋ ਸਕਦਾ ਹੈ। ਇਹ ਵਿਟਾਮਿਨ ਸਰੀਰ ਵਿਚ ਜ਼ਰੂਰਤ ਅਨੁਸਾਰ ਰਚ ਜਾਂਦੇ ਹਨ ਪਰ ਇਨ੍ਹਾਂ ਵਿਟਾਮਿਨਜ਼ ਦੀ ਜ਼ਿਆਦਾ ਮਾਤਰਾ ਰੀਨਲ ਸਿਸਟਮ ਜ਼ਰੀਏ ਸਰੀਰ 'ਚੋਂ ਪਿਸ਼ਾਬ ਜ਼ਰੀਏ ਖਾਰਜ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਇਸ ਦਾ ਰੰਗ ਪੀਲਾ ਨਜ਼ਰ ਆ ਸਕਦਾ ਹੈ। ਵਿਟਾਮਿਨ-ਬੀ ਕੰਪਲੈਕਸ ਦੇ ਕੈਪਸੂਲ ਲੈਣ ਸਮੇਂ ਅਜਿਹੀ ਸਥਿਤੀ ਅਕਸਰ ਪੈਦਾ ਹੋ ਸਕਦੀ ਹੈ।

### ਗਹਿਰਾ ਭੂਰਾ

ਪਿਸ਼ਾਬ ਦਾ ਗਹਿਰਾ ਭੂਰਾ ਜਾਂ ਗਾੜ੍ਹਾ ਪੀਲਾ ਰੰਗ ਜਿਗਰ (ਲਿਵਰ) 'ਚ ਪਰੇਸ਼ਾਨੀ ਦਾ ਸੰਕੇਤ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਸਰੀਰ ਅੰਦਰ 'ਬਾਈਲਿਰੂਬਿਨ' ਤੱਤ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਇਹ ਤੱਤ ਪਿਸ਼ਾਬ ਜ਼ਰੀਏ ਸਰੀਰ 'ਚੋਂ ਖਾਰਜ ਹੋਣੇ ਸ਼ੁਰੂ ਹੋ ਜਾਂਦੇ ਹੈ, ਜਿਸ ਕਾਰਨ ਪਿਸ਼ਾਬ ਦਾ ਰੰਗ ਅਜਿਹਾ ਹੋ ਜਾਂਦਾ ਹੈ। ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਜ਼ਿਗਰ ਸਬੰਧੀ ਰੋਗ ਹੋਣ 'ਤੇ ਭੁੱਖ ਘੱਟ ਜਾਂਦੀ ਹੈ ਅਤੇ ਅੱਖਾਂ ਵਿਚ ਵੀ ਪੀਲਾਪਨ ਆ ਜਾਂਦਾ ਹੈ। ਅਜਿਹੀ ਸਥਿਤੀ 'ਚ ਪੀਲੀਏ ਦੇ ਲੱਛਣ ਹੋ ਸਕਦੇ ਹਨ।

### ਗੁਲਾਬੀ ਜਾਂ ਹਲਕਾ ਲਾਲ

ਚੁਕੰਦਰ ਜਾਂ ਗੂੜ੍ਹੇ ਲਾਲ ਰੰਗ ਵਾਲੀਆਂ ਚੀਜ਼ਾਂ ਖਾਣ ਨਾਲ ਵੀ ਕਈ ਵਾਰ ਪਿਸ਼ਾਬ ਦਾ ਰੰਗ ਅਜਿਹਾ ਹੋ ਸਕਦਾ ਹੈ। ਇਸ ਦੇ ਬਾਵਜੂਦ ਅਜਿਹੀ ਸਥਿਤੀ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਤੇ ਅਜਿਹੀ ਸਥਿਤੀ ਕੁੱਝ ਦਿਨ ਲਗਾਤਾਰ ਰਹੇ ਤਾਂ ਡਾਕਟਰ ਦੀ ਸਲਾਹ ਜ਼ਰੂਰ ਲਵੋ।

### ਖ਼ੂਨ ਵਰਗਾ ਲਾਲ

ਜੇ ਪਿਸ਼ਾਬ ਦਾ ਰੰਗ ਖ਼ੂਨ ਵਰਗਾ ਲਾਲ ਹੋਵੇ ਤਾਂ ਇਹ ਗੰਭੀਰ ਇਨਫੈਕਸ਼ਨ ਦਾ ਸੰਕੇਤ ਵੀ ਹੋ ਸਕਦਾ ਹੈ ਅਤੇ ਸਰੀਰ 'ਚ ਮੌਜੂਦ ਟਿਊਮਰ ਜਾਂ ਰਸੌਲੀ 'ਚੋਂ ਖ਼ੂਨ ਦੇ ਵਗਣ ਦਾ ਸੰਕੇਤ ਵੀ ਹੋ ਸਕਦਾ ਹੈ। ਅਜਿਹੀ ਸਥਿਤੀ ਜ਼ਿਆਦਾਤਰ ਗੁਰਦਿਆਂ ਦੇ ਰੋਗਾਂ ਸਮੇਂ ਪੈਦਾ ਹੁੰਦੀ ਹੈ। ਇਸ ਜ਼ਰੀਏ ਜ਼ਖ਼ਮਾਂ ਜਾਂ ਰਸੌਲੀ 'ਚੋਂ ਖ਼ੂਨ ਵਗ ਕੇ ਪਿਸ਼ਾਬ ਰਾਹੀਂ ਖਾਰਜ ਹੋਣਾ ਸ਼ੁਰੂ ਹو ਜਾਂਦਾ ਹੈ। ਇਸ ਸਥਿਤੀ ਨੂੰ 'ਹੀਮੋਗਲੋਬਿਨਯੂਰੀਆ' ਵੀ ਆਖਦੇ ਹਨ। ਅਜਿਹੀ ਸਥਿਤੀ ਗੁਰਦੇ ਦੀ ਪੱਥਰੀ (ਰੀਨਲ ਕੈਲਕੁਲਸ) ਕਾਰਨ ਵੀ ਪੈਦਾ ਹੋ ਸਕਦੀ ਹੈ।

### ਨੀਲਾ ਜਾਂ ਹਰਾ

ਜ਼ਿਆਦਾ ਮਾਤਰਾ 'ਚ ਡ੍ਰਾਈ ਫਰੂਟਸ ਖਾਣ ਨਾਲ ਵੀ ਪਿਸ਼ਾਬ ਦਾ ਰੰਗ ਅਜਿਹਾ ਹੋ ਸਕਦਾ ਹੈ। ਇਸ ਤੋਂ ਇਲਾਵਾ ਨੀਲਾ ਜਾਂ ਹਰਾ ਰੰਗ ਪਿਸ਼ਾਬ 'ਚ ਇਨਫੈਕਸ਼ਨ ਦਾ ਵੀ ਸੰਕੇਤ ਹੋ ਸਕਦਾ ਹੈ। ਇਸ ਲਈ ਡ੍ਰਾਈ ਫਰੂਟ ਨੂੰ ਲੋੜ ਅਨੁਸਾਰ ਹੀ ਖਾਧਾ ਜਾਣਾ ਚਾਹੀਦਾ ਹੈ।

• ਫੀਚਰ ਡੈਸਕ

## ਰੀੜ੍ਹ ਦੀ ਹੱਡੀ ਦੀ ਸਮੱਸਿਆ

ਰੀੜ੍ਹ ਦੀ ਹੱਡੀ ਸਰੀਰ ਦਾ ਇਕ ਅਹਿਮ ਹਿੱਸਾ ਹੈ, ਜਿਸ ਨਾਲ ਸਰੀਰ ਦੇ ਹਰ ਅੰਗ ਨੂੰ ਚਲਾਉਣ ਲਈ ਨਸਾਂ ਦਾ ਇਕ ਲੰਬਾ-ਚੌੜਾ ਤੰਤਰ ਵੀ ਜੁੜਿਆ ਹੁੰਦਾ ਹੈ। ਰੀੜ੍ਹ ਦੀ ਹੱਡੀ 'ਤੇ ਸੱਟ ਲੱਗਣ ਨਾਲ ਜਦੋਂ ਇਨ੍ਹਾਂ ਨਸਾਂ ਜਾਂ ਨਰਵਜ਼ ਉੱਪਰ ਦਬਾਅ ਪੈਂਦਾ ਹੈ ਬੇਹੱਦ ਤਿੱਖੀ ਦਰਦ ਮਹਿਸੂਸ ਹੁੰਦੀ ਹੈ। ਸੱਟ ਕਾਰਨ ਪਿਸ਼ਾਬ ਸਬੰਧੀ ਪਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਰੀੜ੍ਹ ਦੀ ਹੱਡੀ ਦੇ ਵਿਚਕਾਰੋਂ ਇਕ ਤਾਰ ਵਰਗੀ ਮੁੱਖ ਨਸ ਲੰਘਦੀ ਹੈ, ਜਿਸ ਦਾ ਸਿੱਧਾ ਸੰਪਰਕ ਸਾਡੇ ਦਿਮਾਗ਼ ਨਾਲ ਹੁੰਦਾ ਹੈ। ਇਸ ਨੂੰ 'ਸਪਾਈਨਲ ਕੌਰਡ' ਆਖਦੇ ਹਨ।

**ਲੱਛਣ-** ਗਰਦਨ ਜਾਂ ਕਮਰ 'ਚ ਦਰਦ ਰਹਿਣਾ, ਹੱਥਾਂ ਤੇ ਪੈਰਾਂ 'ਚ ਕਮਜ਼ੋਰੀ ਮਹਿਸੂਸ ਹੋਣੀ। ਚੱਲਣ ਮੌਕੇ ਪਰੇਸ਼ਾਨੀ ਤੇ ਦਰਦ ਮਹਿਸੂਸ ਹੋਣਾ ਤੇ ਸਰੀਰ ਦਾ ਕੰਬਣਾ।

**ਇਲਾਜ-** ਰੀੜ੍ਹ ਦੀ ਹੱਡੀ 'ਤੇ ਸੱਟ ਲੱਗਣ 'ਤੇ ਐੱਮਆਰਆਈ ਸੀਟੀ ਸਕੈਨ ਕੀਤੀ ਜਾਂਦੀ ਹੈ। ਸੱਟ ਤੋਂ ਬਾਅਦ ਫਰੈਕਚਰ ਹੋਏ ਜਾਂ ਨੁਕਸਾਨੇ ਗਏ ਰੀੜ੍ਹ ਦੀ ਹੱਡੀ ਦੇ ਟੁਕੜਿਆਂ ਨੂੰ ਆਪਸ 'ਚ ਜੋੜਿਆ ਜਾਂਦਾ ਹੈ। ਗੰਭੀਰ ਸਥਿਤੀ 'ਚ ਸਰਜਰੀ ਜਾਂ ਆਪ੍ਰੇਸ਼ਨ ਕੀਤਾ ਜਾਂਦਾ ਹੈ। •

# ਸਿਹਤ ਲਈ ਖ਼ਤਰਨਾਕ ਹੋ ਸਕਦੀ ਹੈ ਗ੍ਰੀਨ ਟੀ

ਅੱਜ-ਕੱਲ੍ਹ ਬਹੁਤ ਸਾਰੇ ਲੋਕ ਭਾਰ ਘੱਟ ਕਰਨ ਲਈ ਗ੍ਰੀਨ ਟੀ ਪੀਂਦੇ ਹਨ। ਇਸ 'ਚ ਮੌਜੂਦ ਤੱਤ 'ਐਂਥ੍ਰਲ-ਥਿਆਨਾਇਨ' ਤੇ 'ਪੋਲੀਫਿਨੋਲ' ਕਾਰਨ ਭਾਰ ਘੱਟ ਹੋ ਜਾਂਦਾ ਹੈ ਪਰ ਗ੍ਰੀਨ ਟੀ ਦੀ ਜ਼ਿਆਦਾ ਵਰਤੋਂ ਕਰਨ ਨਾਲ ਸਿਹਤ ਨੂੰ ਨੁਕਸਾਨ ਵੀ ਹੋ ਸਕਦਾ ਹੈ। ਆਓ ਜਾਣਦੇ ਹਾਂ ਕਿ ਗ੍ਰੀਨ ਟੀ ਕਿਸ ਤਰ੍ਹਾਂ ਸਿਹਤ ਲਈ ਨੁਕਸਾਨਦਾਇਕ ਹੈ :-

### ਨੀਂਦ ਤੇ ਸਿਰ ਦਰਦ ਦੀ ਸਮੱਸਿਆ

ਗ੍ਰੀਨ ਟੀ 'ਚ ਕੈਫੀਨ ਹੁੰਦੀ ਹੈ ਜਿਸ ਕਾਰਨ ਜੇ ਤੁਸੀ ਜ਼ਿਆਦੀ ਮਾਤਰਾ 'ਚ ਗ੍ਰੀਨ ਟੀ ਪੀਂਦੇ ਹੋ ਤਾਂ ਤੁਹਾਨੂੰ ਉਨੀਂਦਰੇ ਜਾਂ ਸਿਰ ਦਰਦ ਦੀ ਸਮੱਸਿਆ ਹੋ ਸਕਦੀ ਹੈ। ਕੈਫੀਨ ਦੀ ਜ਼ਿਆਦਾ ਮਾਤਰਾ ਕਾਰਨ ਦਿਲ ਦੀ ਧੜਕਣ ਤੇਜ਼ ਹੋ ਸਕਦੀ ਹੈ।

### ਸਰੀਰ 'ਚ ਆਇਰਨ ਦੀ ਘਾਟ

ਜ਼ਿਆਦਾ ਗ੍ਰੀਨ ਟੀ ਪੀਣ ਨਾਲ ਸਰੀਰ 'ਚ ਆਇਰਨ ਦੀ ਘਾਟ ਆ ਸਕਦੀ ਹੈ। ਗ੍ਰੀਨ ਟੀ ਵਿਚ 'ਟੈਨਿਨ' ਨਾਂ ਦਾ ਤੱਤ ਵੀ ਹੁੰਦਾ ਹੈ ਜੋ ਖਾਣੇ ਤੋਂ ਆਇਰਨ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਘੱਟ ਕਰਦਾ ਹੈ। •

### ਦਿਨ 'ਚ ਕਿੰਨੀ ਵਾਰ ਪੀਤੀ ਜਾਵੇ?

ਗ੍ਰੀਨ ਟੀ ਦਿਨ 'ਚ ਦੋ ਤੋਂ ਤਿੰਨ ਵਾਰ ਹੀ ਪੀਣੀ ਚਾਹੀਦੀ ਹੈ। ਇਸ ਨੂੰ ਖ਼ਾਲੀ ਪੇਟ ਨਹੀਂ ਪੀਣਾ ਚਾਹੀਦਾ ਤੇ ਕੁੱਝ ਵੀ ਖਾਣ ਤੋਂ ਤੁਰੰਤ ਬਾਅਦ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇ ਦਿਨ 'ਚ ਤਿੰਨ ਕੱਪ ਤੋਂ ਜ਼ਿਆਦਾ ਪੀ ਰਹੇ ਹੋ ਤਾਂ ਪਾਣੀ ਵੀ ਜ਼ਿਆਦਾ ਪੀਣਾ ਚਾਹੀਦਾ ਹੈ। ਜੇ ਤੁਸੀਂ ਪਹਿਲਾਂ ਹੀ ਹੀਮੋਗਲੋਬਿਨ ਦੀ ਘਾਟ ਦੇ ਸ਼ਿਕਾਰ ਹੋ ਤਾਂ ਗ੍ਰੀਨ ਟੀ ਨਹੀਂ ਪੀਣੀ ਚਾਹੀਦੀ। ਗ੍ਰੀਨ ਟੀ ਪੀਣ ਨਾਲ ਗੈਸ ਬਣੇ ਤਾਂ ਇਸ ਨੂੰ ਦੁੱਧ ਮਿਲਾ ਕੇ ਪੀਣਾ ਚਾਹੀਦਾ ਹੈ।

# ਡਿਮੈਂਸ਼ੀਆ : ਬੁਢਾਪੇ ਦੀ ਦਿਮਾਗ਼ੀ ਸਮੱਸਿਆ

ਡਾ ਰਿਪੁਦਮਨ ਸਿੰਘ
ਮੋਬਾਈਲ 98152-00134

**ਬਲੱਡ ਪ੍ਰੈਸ਼ਰ, ਡਾਇਬਟੀਜ ਜਾਂ ਸ਼ੂਗਰ ਰੋਗ, ਸਿਗਰਟਨੋਸ਼ੀ, ਟੀਬੀ, ਵਿਟਾਮਿਨ ਦੀ ਘਾਟ ਨਾਲ ਡਿਮੈਂਸ਼ੀਆ ਹੋ ਸਕਦਾ ਹੈ...**

ਇਕ ਦਿਨ ਅਸੀਂ ਆਪਣੇ ਇਕ ਮਿੱਤਰ ਦੇ ਘਰ ਗਏ। ਇਸ ਦੌਰਾਨ ਸਾਡੇ ਉਸ ਮਿੱਤਰ ਦੀ ਬਿਰਧ ਮਾਂ ਸਾਨੂੰ ਮਿਲਣ ਲਈ ਡਰਾਇੰਗ ਰੂਮ ਵਿਚ ਆ ਗਈ। ਅਸਾਂ ਸਹਿਸੁਭਾਅ ਉਨ੍ਹਾਂ ਤੋਂ ਪੁੱਛ ਲਿਆ, 'ਮਾਂ ਕੀ ਹਾਲ ਹੈ, ਆਓ, ਤੁਸੀਂ ਵੀ ਸਾਡੇ ਨਾਲ ਚਾਹ ਪੀਓ' ਉਹ ਬਜ਼ੁਰਗ ਔਰਤ ਗੁੱਸੇ ਨਾਲ ਬੋਲੀ, 'ਮੈਂ ਤਾਂ ਕਈ ਦਿਨ ਤੋਂ ਕਿਸੇ ਨਾਲ ਚਾਹ ਨਹੀਂ ਪੀਤੀ। ਮੈਂ ਤਾਂ ਹੁਣ ਇਨ੍ਹਾਂ ਉੱਪਰ ਬੋਝ ਬਣ ਗਈ ਹਾਂ।' ਇਹ ਸੁਣ ਕੇ ਉਸ ਬਜ਼ੁਰਗ ਔਰਤ ਦੀ ਨੂੰਹ ਨੂੰ ਬਹੁਤ ਗੁੱਸਾ ਆਇਆ। ਉਹ ਆਪਣੀ ਸੱਸ ਬਾਰੇ ਗੁੱਸੇ 'ਚ ਕਹਿਣ ਲੱਗੀ ਕਿ 'ਇਨ੍ਹਾਂ ਦਾ ਜਿੰਨਾ ਮਰਜ਼ੀ ਖ਼ਿਆਲ ਰੱਖੋ, ਇਹ ਹਮੇਸ਼ਾ ਸਾਡੀ ਬੁਰਾਈ ਹੀ ਕਰਦੇ ਹਨ। ਹੁਣੇ ਥੋੜ੍ਹੀ ਦੇਰ ਪਹਿਲਾਂ ਹੀ ਇਨ੍ਹਾਂ ਨੂੰ ਚਾਹ ਬਣਾ ਕੇ ਦਿੱਤੀ ਸੀ। ਘਰ ਦਾ ਮਾਹੌਲ ਵਿਗੜਦਾ ਵੇਖ ਕੇ ਅਸੀਂ ਉੱਥੋਂ ਨਿਕਲਣ 'ਚ ਹੀ ਭਲਾਈ ਸਮਝੀ। ਸਾਡੇ ਮਿੱਤਰ ਨੇ ਵੀ ਕੰਮ ਤੋਂ ਆ ਕੇ ਮਾਂ ਉੱਪਰ ਗੁੱਸਾ ਝਾੜਿਆ ਕਿ ਤੁਸੀਂ ਜਾਣ ਬੁੱਝ ਕੇ ਦੂਸਰਿਆਂ ਸਾਹਮਣੇ ਸਾਨੂੰ ਨੀਵਾਂ ਵਿਖਾਉਂਦੇ ਹੋ।

### ਵਰਤਾਓ 'ਚ ਤਬਦੀਲੀ

ਦਰਅਸਲ, ਉਹ ਬਜ਼ੁਰਗ ਔਰਤ ਬੀਤੇ ਕੁੱਝ ਮਹੀਨਿਆਂ ਤੋਂ ਅਜੀਬ ਜਿਹਾ ਵਰਤਾਓ ਕਰ ਰਹੀ ਹੈ। ਉਹ ਅਕਸਰ ਲੋਕਾਂ ਦੇ ਨਾਮ ਭੁੱਲ ਜਾਂਦੀ ਹੈ। ਚੀਜ਼ ਰੱਖ ਕੇ ਭੁੱਲ ਜਾਂਦੀ ਹੈ। ਕਦੇ-ਕਦੇ ਕੁੱਝ ਬੁੜਬੜਾਉਣ ਜਾਂ ਰੋਣ ਲੱਗਦੀ ਹੈ। ਕੁੱਝ ਦਿਨਾਂ ਤੋਂ ਉਹ ਦਿਨ ਵਿਚ ਕਈ ਵਾਰ ਨਹਾਉਂਦੀ ਹੈ ਤੇ ਕਦੇ-ਕਦੇ ਕੱਪੜੇ ਪਾਏ ਬਿਨਾਂ ਬਾਥਰੂਮ 'ਚੋਂ ਬਾਹਰ ਨਿਕਲ ਆਉਂਦੀ ਹੈ। ਘਰ ਵਾਲਿਆਂ ਨੂੰ ਲੱਗਦਾ ਹੈ ਕਿ ਉਹ ਜਾਣ ਬੁੱਝ ਕੇ ਅਜਿਹਾ ਕਰ ਰਹੀ ਹੈ ਪਰ ਉਹ 

# ਡੀਜਲ-ਪੈਟਰੋਲ ਤੇ ਬਿਜਲੀ ਦਰਾਂ 'ਚ ਵਾਧੇ ਨਾਲ ਜਨਤਾ ਨੂੰ ਪਵੇਗੀ ਦੁੱਗਣੀ ਮਹਿੰਗਾਈ ਦੀ ਮਾਰ

**ਏਜੰਸੀਆਂ**

ਗੜ੍ਹਸ਼ੰਕਰ 10 ਸਤੰਬਰ। ਪੰਜਾਬ ਸਰਕਾਰ ਵੱਲੋਂ ਡੀਜਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਅਤੇ 7 ਕਿਲੋਵਾਟ ਤੱਕ ਲੋਡ ਵਾਲੇ ਘਰੇਲੂ

ਬਿਜਲੀ ਖਪਤਕਾਰਾਂ 'ਤੇ ਪਾਏ ਗਏ ਬੋਝ ਦੇ ਫੈਸਲੇ ਦੀ ਨਿੰਦਿਆਂ ਕਰਦੇ ਭਾਜਪਾ ਆਗੂ ਅਤੇ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਆਮ ਜਨਤਾ 'ਤੇ ਟੈਕਸਾਂ ਦਾ ਬੋਝ ਪਾ ਕੇ ਸਰਕਾਰ ਨੇ ਆਪਣੀ ਅਸਫਲਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡੀਜਲ-ਪੈਟਰੋਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨਾਲ ਆਮ ਵਾਹਨ ਚਾਲਕ ਦੇ ਨਾਲ-ਨਾਲ ਢੁਆਈ ਵਾਲੀਆਂ ਗੱਡੀਆਂ ਦਾ ਮਾਲਭਾੜਾ ਅਤੇ ਉਤਪਾਦਨ ਦੀਆਂ ਕੀਮਤਾਂ ਵਿਚ ਵੀ ਵਾਧਾ ਹੋਵੇਗਾ, ਜਿਸ ਨਾਲ ਜਨਤਾ ਨੂੰ ਮਹਿੰਗਾਈ ਦੀ ਦੁੱਗਣੀ ਮਾਰ ਝਲਣੀ ਪਵੇਗੀ। ਉਨ੍ਹਾਂ ਕਿਹਾ ਕਿ ਮੁਫਤ ਬਿਜਲੀ ਦੇਣ ਦੀਆਂ ਢੀਂਗਾ ਹਾਂਕਣ ਵਾਲੀ ਸਰਕਾਰ ਵੱਲੋਂ 7 ਕਿੱਲੋਵਾਟ ਤੱਕ ਲੋਡ ਵਾਲੇ 11 ਲੱਖ ਘਰੇਲੂ ਬਿਜਲੀ ਖਪਤਕਾਰਾਂ 'ਤੇ ਵੀ ਹੁਣ ਤਿੰਨ ਹਜਾਰ ਰੁਪਏ ਮਹੀਨੇ ਦਾ ਬੋਝ ਹੋਰ ਵਧਾ ਦਿੱਤਾ ਗਿਆ ਹੈ। ਭਾਜਪਾ ਆਗੂ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਸਰਕਾਰ ਵੱਲੋਂ ਨਵੀਆਂ ਗੱਡੀਆਂ ਦੀ ਖਰੀਦ ਅਤੇ ਜਮੀਨਾਂ ਦੀਆਂ ਰਜਿਸਟਰੀਆਂ ਦੇ ਟੈਕਸਾਂ ਵਿਚ ਵੀ ਵਾਧਾ ਕੀਤਾ ਗਿਆ ਸੀ ਅਤੇ ਹੁਣ ਬੱਸ ਕਿਰਾਇਆਂ ਵਿਚ ਵੀ ਸਰਕਾਰ ਵੱਲੋਂ ਵਾਧਾ ਕਰ ਦਿੱਤਾ ਗਿਆ ਹੈ, ਜਿਸ ਨਾਲ ਗਰੀਬ ਅਤੇ ਮੱਧ ਵਰਗੀ ਲੋਕਾਂ 'ਤੇ ਖਾਸਾ ਬੋਝ ਪਵੇਗਾ। ਭਾਜਪਾ ਆਗੂ ਨੇ ਕਿਹਾ ਕਿ ਇਕ ਪਾਸੇ ਸਰਕਾਰ ਪੰਜਾਬ ਦੀ ਆਮਦਨ ਵਿਚ ਵਾਧੇ ਕਰਨ ਦੇ ਦਾਅਵੇ ਪਿਛਲੇ ਸਾਲ ਤੋਂ ਪੇਸ਼ ਕਰ ਰਹੀ ਹੈ, ਦੂਜੇ ਪਾਸੇ ਖਜਾਨੇ ਦੀ ਪਤਲੀ ਹਾਲਤ ਨੂੰ ਸਾਂਭਣ ਲਈ ਟੈਕਸਾਂ ਨੂੰ ਵਧਾ-ਵਧਾ ਕੇ ਲੋਕਾਂ 'ਤੇ ਬੋਝ ਪਾ ਰਹੀ ਹੈ। ਇਹ ਆਪਣੇ-ਆਪ ਵਿਚ ਸਰਕਾਰ ਦੀ ਅਸਫਲਤਾ ਅਤੇ ਝੂਠੇ ਦਾਅਵੇ ਪੇਸ਼ ਕਰਨ ਦਾ ਸਬੂਤ ਹੈ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ 'ਤੇ ਬੇਲੋੜੇ ਟੈਕਸ ਲਗਾਉਣ ਦੀ ਥਾਂ ਆਪਣੀ ਪਾਰਟੀ ਦੀ ਮਜਬੂਤੀ ਲਈ ਬਾਹਰੀ ਸੂਬਿਆਂ ਵਿਚ ਪੰਜਾਬ ਦੇ ਖਜਾਨੇ ਦੇ ਪੈਸੇ ਜਾਇਆ ਕਰਨੇ ਬੰਦ ਕਰੇ ਤਾਂ ਜੋ ਪੰਜਾਬ ਦੇ ਖਜਾਨੇ ਦਾ ਪੈਸਾ ਸਿਰਫ ਪੰਜਾਬ 'ਤੇ ਹੀ ਲੱਗ ਸਕੇ।

# ਅਕਾਲੀ ਦਲ ਨੇ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਲਈ ਵਾਪਸ

**ਸਰਦੂਲ ਸਿੰਘ**

ਚੰਡੀਗੜ੍ਹ 10 ਸਤੰਬਰ। ਸ਼੍ਰੋਮਣੀ ਅਕਾਲੀ ਦਲ ਵਲੋਂ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਵਾਪਸ ਲੈ ਲਈ ਗਈ ਹੈ। ਦਰਬਾਰਾ ਸਿੰਘ ਗੁਰੂ ਨੂੰ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੇ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਸੀ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਵਾਪਸ ਲੈਣ ਦਾ ਐਲਾਨ ਕੀਤਾ ਹੈ। ਡਾ. ਦਲਜੀਤ ਸਿੰਘ ਚੀਮਾ ਨੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕੀਤੀ ਹੈ। ਦੱਸਣਯੋਗ ਹੈ ਕਿ ਹਾਲ ਹੀ 'ਚ ਦਰਬਾਰਾ ਸਿੰਘ ਗੁਰੂ ਨੂੰ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੇ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਸੀ ਪਰ ਇਹ ਫੈਸਲਾ ਹੁਣ ਪਾਰਟੀ ਵਲੋਂ ਵਾਪਸ ਲੈ ਲਿਆ ਗਿਆ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਨੂੰ 1986 ਦੇ ਨਕੋਦਰ ਪੁਲਸ ਫਾਇਰਿੰਗ ਮਾਮਲੇ ਨਾਲ ਜੋੜਿਆ ਜਾ ਰਿਹਾ ਹੈ। ਦਰਅਸਲ 1986 ਦੇ ਨਕੋਦਰ ਪੁਲਸ ਫਾਇਰਿੰਗ ਮਾਮਲੇ 'ਚ 4 ਸਿੱਖ ਨੌਜਵਾਨ ਮਾਰੇ ਗਏ ਸਨ। ਇਨ੍ਹਾਂ 'ਚੋਂ ਇਕ ਨੌਜਵਾਨ ਰਵਿੰਦਰ ਸਿੰਘ ਲਿਤਰਾਂ ਦੇ ਅਮਰੀਕਾ 'ਚ ਰਹਿੰਦੇ ਪਿਤਾ ਬਲਦੇਵ ਸਿੰਘ ਅਤੇ ਮਾਤਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਈ-ਮੇਲ ਭੇਜ ਕੇ ਦਰਬਾਰਾ ਗੁਰੂ ਦੀ ਨਿਯੁਕਤੀ 'ਤੇ ਇਤਰਾਜ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥਦਾਰ ਗਿਆਨੀ ਰਘਬੀਰ ਸਿੰਘ ਨੂੰ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਖਿ?ਲਾਫ ਸ਼ਿਕਾਇਤ ਦਿੱਤੀ ਸੀ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਜਦੋਂ ਇਹ ਫਾਇਰਿੰਗ ਹੋਈ ਤਾਂ ਉਸ ਸਮੇਂ ਦਰਬਾਰਾ ਸਿੰਘ ਗੁਰੂ ਜਲੰਧਰ ਦੇ ਏ. ਡੀ. ਸੀ. ਅਤੇ ਡਿਊਟੀ ਮੈਜਿਸਟ੍ਰੇਟ ਸਨ। ਉਸ ਸਮੇਂ ਐੱਸ. ਐੱਸ. ਪੀ. ਇਜਹਾਰ ਆਲਮ ਸਨ। ਉਨ੍ਹਾਂ ਕਿਹਾ ਕਿ ਤਿੰਨ ਜਾਂਚ ਰਿਪੋਰਟਾਂ 'ਚ ਗੋਲੀਕਾਂਡ ਲਈ ਇਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ। ਪੀੜਤ ਪਰਿਵਾਰ ਨੇ ਕਿਹਾ ਕਿ ਇਕ ਪਾਸੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਕਾਲੀ ਲੀਡਰਸ਼ਿਪ ਗੁਨਾਹਾਂ ਦੀ ਭੁੱਲ ਬਖਸ਼ਾ ਰਹੀ ਹੈ ਅਤੇ ਦੂਜੇ ਪਾਸੇ ਦਰਬਾਰਾ ਸਿੰਘ ਗੁਰੂ ਨੂੰ ਸਲਾਹਕਾਰ ਲਾ ਕੇ ਇਕ ਹੋਰ ਗੁਨਾਹ ਕੀਤਾ ਜਾ ਰਿਹਾ ਹੈ। ਨਕੋਦਰ ਪੁਲਸ ਫਾਇਰਿੰਗ ਮਾਮਲੇ

ਨਾਲ ਮੇਰਾ ਕੋਈ ਸਰੋਕਾਰ ਨਹੀਂ : ਦਰਬਾਰਾ ਸਿੰਘ ਗੁਰੂ ਦੂਜੇ ਪਾਸੇ ਦਰਬਾਰਾ ਸਿੰਘ ਗੁਰੂ ਨੇ 1986 ਦੇ ਨਕੋਦਰ ਪੁਲਸ ਫਾਇਰਿੰਗ ਮਾਮਲੇ ਨਾਲ ਕੋਈ ਸਰੋਕਾਰ ਹੋਣ ਦਾ ਜੋਰਦਾਰ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਕੁੱਝ ਤਾਕਤਾਂ ਅਕਾਲੀ ਦਲ ਨੂੰ ਬਦਨਾਮ ਕਰਨਾ ਚਾਹੁੰਦੀਆਂ ਹਨ। ਪ੍ਰੈੱਸ ਕਾਨਫਰੰਸ ਦੌਰਾਨ ਦਰਬਾਰਾ ਸਿੰਘ ਗੁਰੂ ਨੇ ਕਿਹਾ ਕਿ 1986 'ਚ ਨਕੋਦਰ ਵਿਚ ਪੁਲਸ ਫਾਇਰਿੰਗ ਵੇਲੇ ਉਹ ਜਲੰਧਰ 'ਚ ਏ. ਡੀ. ਸੀ. ਵਜੋਂ ਤਾਇਨਾਤ ਸਨ ਪਰ ਉਨ੍ਹਾਂ ਦਾ ਗੋਲੀਬਾਰੀ ਨਾਲ ਕੋਈ ਸਰੋਕਾਰ ਨਹੀਂ ਹੈ। ਘਟਨਾ ਤੋਂ ਬਾਅਦ ਮ੍ਰਿਤਕਾਂ ਦਾ ਪੋਸਟਮਾਰਟਮ ਵੀ ਕਰਵਾਇਆ ਗਿਆ ਸੀ। ਹੁਣ 38 ਸਾਲਾਂ ਬਾਅਦ ਇਹ ਮੁੱਦਾ ਸਿਰਫ ਉਨ੍ਹਾਂ ਨੂੰ ਅਤੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਚੁੱਕਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਪਿੱਛੇ ਡੂੰਘੀ ਸਾਜ?ਿਸ ਹੈ, ਜੋ ਸਮੇਂ ਦੇ ਨਾਲ ਹੀ ਬੇਨਕਾਬ ਹੋ ਜਾਵੇਗੀ।

## ਬਸਤੀ ਬਾਵਾ ਖੇਲ ਦੇ ਗੰਦੇ ਨਾਲੇ ਕੋਲੋਂ ਲਾਵਾਰਿਸ ਹਾਲਤ 'ਚ ਮਿਲੇ 3 ਬੱਚੇ

ਜਲੰਧਰ 10 ਸਤੰਬਰ। ਲੈਦਰ ਕੰਪਲੈਕਸ ਚੌਕੀ ਦੀ ਪੁਲਸ ਨੂੰ ਗਸਤ ਦੌਰਾਨ ਬਸਤੀ ਬਾਵਾ ਖੇਲ ਦੇ ਗੰਦੇ ਨਾਲੇ ਕੋਲੋਂ 3 ਤੋਂ 6 ਸਾਲ ਦੀ ਉਮਰ ਦੇ ਤਿੰਨ ਬੱਚੇ ਲਾਵਾਰਸ ਹਾਲਤ 'ਚ ਮਿਲੇ ,ਜਿਨ੍ਹਾਂ ਨੂੰ ਸਾਨਦਾਰ ਪੁਲਸ ਸੇਵਾਵਾਂ ਲਈ ਤਿੰਨ ਵਾਰ ਪੰਜਾਬ ਦੇ ਡੀ. ਜੀ. ਪੀ. ਤੋਂ ਕਮਾਂਡੇਸਨ ਡਿਸਕ ਪ੍ਰਾਪਤ ਕਰ ਚੁੱਕੇ ਚੌਕੀ ਇੰਚਾਰਜ ਐੱਸ. ਆਈ. ਵਿਕਟਰ ਮਸੀਹ ਪੁਲਸ ਚੌਕੀ ਲੈ ਆਏ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਪਤਾ ਲਗਾ ਕੇ ਪੁਲਸ ਚੌਕੀ ਬੁਲਾਇਆ ਗਿਆ। ਬੱਚਿਆਂ ਦੇ ਪਿਤਾ ਸੰਨੀ ਨੇ ਦੱਸਿਆ ਕਿ ਉਸ ਦੇ ਤਿੰਨ ਬੱਚੇ ਅਚਾਨਕ ਘਰੋਂ ਚਲੇ ਗਏ ਸਨ ਅਤੇ ਉਹ ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਦੀ ਭਾਲ ਕਰ ਰਹੇ ਸਨ। ਸਬ ਇੰਸਪੈਕਟਰ ਵਿਕਟਰ ਮਸੀਹ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਕਮਿਸਨਰ ਜਲੰਧਰ ਸਵਪਨ ਸਰਮਾ ਅਤੇ ਏ. ਡੀ. ਸੀ. ਪੀ. ਸਿਟੀ-2 ਆਦਿਤਿਆ ਆਈ. ਪੀ. ਐੱਸ ਅਤੇ ਏ. ਸੀ. ਪੀ. ਵੈਸਟ ਹਰਸਪ੍ਰੀਤ ਸਿੰਘ ਅਤੇ ਐੱਸ. ਐੱਚ. ਓ. ਪੁਲਸ ਥਾਣਾ ਬਸਤੀ ਬਾਵਾ ਖੇਲ ਬਲਜਿੰਦਰ ਸਿੰਘ ਭਿੰਡਰ ਦੀਆਂ ਹਦਾਇਤਾਂ 'ਤੇ ਤਿੰਨਾਂ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਹਵਾਲੇ ਕਰ ਦਿੱਤਾ ਹੈ।

## ਵਰਕ ਵੀਜਾ ਲਗਾਉਣ ਲਈ ਕੁੜੀਆਂ ਕਰਦੀਆਂ ਸਨ ਫਰਜੀ ਨਾਵਾਂ ਨਾਲ ਕਾਲ, 27 ਲੋਕਾਂ ਦੇ 35 ਲੱਖ ਰੁਪਏ ਡਕਾਰੇ

ਚੰਡੀਗੜ੍ਹ 10 ਸਤੰਬਰ। ਸਾਈਬਰ ਸੈੱਲ ਨੇ ਅਜ਼ਰਬੇਜਾਨ ਦਾ ਵਰਕ ਵੀਜਾ ਲਗਾਉਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਗਿਰੋਹ ਦਾ ਖੁਲਾਸਾ ਕੀਤਾ ਹੈ। ਮੁਲਜਮ ਇੰਨੇ ਚਲਾਕ ਸਨ ਕਿ ਠੱਗੀ ਕਰਕੇ ਨਵੀਂ ਕੰਪਨੀ ਖੋਲ੍ਹ ਲੈਂਦੇ ਸਨ ਤੇ ਫਿਰ ਧੋਖਾਧੜੀ ਦਾ ਜਾਲ ਵਿਛਾਉਂਦੇ ਸਨ। ਇਹ ਸੈਕਟਰ-32 'ਚ ਗਲੋਬਲ ਕੰਸਲਟੈਂਟ ਇਮੀਗ੍ਰੇਸ਼ਨ ਦਫਤਰ ਰਾਹੀਂ 35 ਲੱਖ ਰੁਪਏ 27 ਲੋਕਾਂ ਤੋਂ ਹੜੱਪ ਚੁੱਕੇ ਹਨ। ਹੁਣ ਸੈਕਟਰ-34 'ਚ ਡ੍ਰੀਮ ਲੈਂਡ ਇਮੀਗ੍ਰੇਸ਼ਨ ਦਫਤਰ ਖੋਲ੍ਹਿਆ ਸੀ। ਇਸ ਤੋਂ ਪਹਿਲਾਂ ਮੁਲਜਮਾਂ ਦਾ ਕੋਈ ਸ਼ਿਕਾਰ ਬਣਦਾ ਕਿ ਪੁਲਸ ਨੇ 6 ਜਣਿਆਂ ਨੂੰ ਕਾਬੂ ਕਰ ਲਿਆ। ਇਨ੍ਹਾਂ ਦੀ ਪਛਾਣ ਕੰਪਨੀ ਮਾਲਕ ਰਾਜਸਥਾਨ ਦੇ ਸੀਕਰ ਵਾਸੀ ਸੰਜੀਵ, ਰੋਪੜ ਵਾਸੀ ਲਖਬੀਰ ਸਿੰਘ, ਬਲਾਚੌਰ ਵਾਸੀ ਵਿੱਕੀ, ਮਨੀਮਾਜਰਾ ਵਾਸੀ ਨਵਪ੍ਰੀਤ, ਕਿਸ਼ਨਗੜ੍ਹ ਵਾਸੀ ਮੋਨਿਕਾ ਤੇ ਨਵਾਂਗਰਾਓਂ ਵਾਸੀ ਮਹਿਕ ਵਜੋਂ ਹੋਈ ਹੈ। ਦਫਤਰ ਤੋਂ 15 ਮੋਬਾਈਲ, 15 ਸਿਮ ਕਾਰਡ, ਤਿੰਨ ਸਟੈਂਪ ਤੇ ਪੰਜ ਰਜਿਸਟਰ ਬਰਾਮਦ ਹੋਏ ਹਨ। ਪੁਲਸ ਨੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਿੱਥੋਂ ਲੜਕੀ ਸਣੇ ਪੰਜ ਨੂੰ ਨਿਆਂਇਕ ਹਿਰਾਸਤ

'ਚ ਅਤੇ ਸੰਜੀਵ ਨੂੰ ਦੋ ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਜਾਂਚ 'ਚ ਸਾਹਮਣੇ ਆਇਆ ਕਿ ਸੰਜੀਵ ਨੇ ਚਪੜਾਸੀ ਸ਼ੁਭਮ ਦੇ ਨਾਂ 'ਤੇ ਬੈਂਕ ਖਾਤੇ, ਮੋਬਾਈਲ ਫੋਨ, ਸਿਮ ਕਾਰਡ ਲੈ ਰੱਖੇ ਸਨ। ਸ਼ੁਭਮ ਤੋਂ ਸੈਲਰੀ ਅਕਾਊਂਟ ਖੁੱਲ੍ਹਵਾਉਣ ਲਈ ਦਸਤਾਵੇਜ਼ ਲਏ ਸਨ। ਲੱਖਾਂ ਰੁਪਏ ਦਾ ਲੈਣ-ਦੇਣ ਸ਼ੁਭਮ ਦੇ ਨਾਂ ਦੇ ਖਾਤਿਆਂ 'ਚ ਹੋਇਆ ਸੀ। ਰਿਸੈਪਸ਼ਨਿਸਟ ਨਵਪ੍ਰੀਤ, ਮੋਨਿਕਾ ਤੇ ਮਹਿਕ ਆਪਣਾ ਨਾਂ ਬਦਲ ਕੇ ਲੋਕਾਂ ਨੂੰ ਫੋਨ ਕਰਦੀਆਂ ਸਨ। ਵਿਦੇਸ਼ 'ਚ ਚੰਗੀ ਨੌਕਰੀ ਲਈ ਵੀਜ਼ਾ ਦਿਵਾਉਣ ਦੇ ਨਾਂ 'ਤੇ ਲੋਕਾਂ ਨੂੰ ਗੱਲਾਂ ਵਿਚ ਫਸਾਉਂਦੀਆਂ ਸਨ। ਇੰਸਪੈਕਟਰ ਰੋਹਤਾਸ਼ ਯਾਦਵ ਨੂੰ ਸੂਚਨਾ ਮਿਲੀ ਕਿ ਗਲੋਬਲ ਕੰਸਲਟੈਂਟ ਇਮੀਗ੍ਰੇਸ਼ਨ ਕੰਪਨੀ ਦਾ ਮਾਲਕ ਦਫਤਰ ਬੰਦ ਕਰਕੇ ਫਰਾਰ ਹੋ ਗਿਆ ਹੈ। ਉਨ੍ਹਾਂ ਮਾਲਕ ਤੇ ਸਟਾਫ ਦਾ ਪਤਾ ਲਗਾਉਣ ਲਈ ਸਪੈਸ਼ਲ ਟੀਮ ਬਣਾਈ। ਜਾਂਚ 'ਚ ਪਤਾ ਲੱਗਿਆ ਕਿ ਮਾਲਕ ਨੇ ਸੈਕਟਰ-34 'ਚ ਡ੍ਰੀਮ ਲੈਂਡ ਇਮੀਗ੍ਰੇਸ਼ਨ ਦਫਤਰ ਖੋਲ੍ਹ ਦਿੱਤਾ ਹੈ। ਪੁਲਸ ਨੇ ਮੁਲਜ਼ਮਾਂ ਨੂੰ ਫੜਨ ਲਈ ਸਪੈਸ਼ਲ ਟੀਮ ਬਣਾਈ ਤੇ ਫਿਰ ਛਾਪਾ ਮਾਰਿਆ। ਮੌਕੇ 'ਤੇ ਸ਼ਿਕਾਇਤਕਰਤਾ ਰਾਜਸਥਾਨ ਵਾਸੀ ਗਣੇਸ਼ਮਲ ਨੂੰ ਸੱਦ ਕੇ ਠੱਗੀ ਕਰਨ ਵਾਲਿਆਂ ਦੀ ਪਛਾਣ ਕਰਵਾਈ ਗਈ। ਗਣੇਸ਼ਮਲ ਨੇ ਕਿਹਾ ਕਿ ਇਹ ਉਹ ਹੀ ਮੁਲਜਮ ਹਨ ਜਿਨ੍ਹਾਂ ਠੱਗੀ ਕੀਤੀ ਸੀ। ਜਾਂਚ 'ਚ ਪਤਾ ਲੱਗਿਆ ਕਿ ਕਰੀਬ 10 ਦਿਨ ਪਹਿਲਾਂ ਸੈਕਟਰ-34 ਥਾਣਾ ਪੁਲਸ ਨੇ ਕੰਪਨੀ 'ਤੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਸੀ ਪਰ ਬਾਅਦ 'ਚ ਕੋਈ ਕਾਰਵਾਈ ਨਹੀਂ ਕੀਤੀ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 20 ਵਾਹਨ ਚਾਲਕਾਂ ਦੇ ਕੱਟੇ ਚਲਾਨ

ਪਠਾਨਕੋਟ 10 ਸਤੰਬਰ। ਟ੍ਰੈਫਿਕ ਪੁਲਸ ਪਠਾਨਕੋਟ ਵੱਲੋਂ ਇੰਚਾਰਜ ਬ੍ਰਹਮ ਦੱਤ ਦੀ ਅਗਵਾਈ ਹੇਠ ਸਿੰਬਲ ਚੌਕ 'ਚ ਵਿਸ਼ੇਸ਼ ਨਾਕਾ ਲਗਾ ਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੀਤੇ ਗਏ। ਇਸ ਸਬੰਧੀ ਟ੍ਰੈਫਿਕ ਇੰਚਾਰਜ ਸਹਾਇਕ ਸਬ-ਇੰਸਪੈਕਟਰ ਬ੍ਰਹਮ ਦੱਤ ਨੇ ਦੱਸਿਆ ਕਿ ਅੱਜ ਉਨ੍ਹਾਂ ਦੀ ਟੀਮ ਵੱਲੋਂ ਮਾਮੂਨ ਦੇ ਸਿੰਬਲ ਚੌਕ 'ਚ ਵਿਸ਼ੇਸ਼ ਨਾਕਾ ਲਗਾ ਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲਗਭਗ 20 ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ। ਕੁਝ ਵਾਹਨਾਂ ਦੇ ਕਾਲੇ ਸ਼ੀਸ਼ੇ ਉਤਾਰ ਕੇ ਉਨ੍ਹਾਂ ਦਾ ਵੀ ਆਨਲਾਈਨ ਚਲਾਨ ਕੀਤਾ। ਇਸ ਮੌਕੇ ਸਹਾਇਕ ਸਬ-ਇੰਸਪੈਕਟਰ ਪ੍ਰਦੀਪ ਕੁਮਾਰ, ਸਹਾਇਕ ਸਬ-ਇੰਸਪੈਕਟਰ ਵਿਜੇ ਕੁਮਾਰ, ਸਹਾਇਕ ਸਬ-ਇੰਸਪੈਕਟਰ ਰਾਮ ਪਾਲ, ਸਹਾਇਕ ਸਬ ਇੰਸਪੈਕਟਰ ਵਿਜੇ ਕੁਮਾਰ, ਹੈੱਡ ਕਾਂਸਟੇਬਲ ਬਲਵਿੰਦਰ ਕੁਮਾਰ, ਹੈੱਡ ਕਾਂਸਟੇਬਲ ਮਦਨ ਮਿਹਰਾ, ਕਾਂਸਟੇਬਲ ਅਮਰਦੀਪ ਕੌਰ ਆਦਿ ਹਾਜ਼ਰ ਸਨ।

## ਐਡਵੋਕੇਟ ਧਾਮੀ ਵਲੋਂ ਗਣਪਤੀ ਉਤਸਵ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਕਰਕੇ ਪੰਡਾਲ ਬਣਾਉਣ ਦਾ ਸਖ਼ਤ ਨੋਟਿਸ

**ਕਿਸ਼ਨ ਪਾਲ**

ਅੰਮ੍ਰਿਤਸਰ 10 ਸਤੰਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਦੇ ਪੁਣੇ ਦੇ ਕੈਂਪ ਏਰੀਏ 'ਚ ਗਣਪਤੀ ਉਤਸਵ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਕਰ ਕੇ ਇਕ ਪੰਡਾਲ ਬਣਾਉਣ ਦਾ ਸ਼ਖਤ ਨੋਟਿਸ ਲੈਂਦਿਆਂ ਇਸ ਨੂੰ ਸਿੱਖ ਭਾਵਨਾਵਾਂ ਭੜਕਾਉਣ ਦੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੰਗਤਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਪੁਣੇ ਸ਼ਹਿਰ ਦੇ ਕੈਂਪ ਏਰੀਆ 'ਚ ਗਣਪਤੀ ਪੂਜਾ ਲਈ ਇਹ ਪੰਡਾਲ ਬਣਾਇਆ ਗਿਆ ਹੈ, ਜੋ ਬਿਲਕੁਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਹੈ। ਉਨ੍ਹਾਂ ਕਿਹਾ ਪੁਣੇ ਦੀ ਸਿੱਖ ਸੰਗਤ ਅਨੁਸਾਰ ਇਸ ਕੰਮ ਵਿੱਚ ਸ਼ਹਿਰ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਕੈਂਪ ਏਰੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ ਜੋ ਹੋਰ ਵੀ ਦੁੱਖਦਾਈ ਹੈ। ਉਨ੍ਹਾਂ ਕਿਹਾ ਕਿ ਕੁੱਝ ਲੋਕਾਂ ਵਲੋਂ ਜਾਣਬੁਝ ਕਿ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਅਸਥਾਨਾਂ ਦੀ ਨਕਲ ਕੀਤੀ ਜਾਂ